Vide R.N.I. No. Pun-Pun 2002/8323

ASR/0001/2018/20

ੴ ਸਤਿਗੁਰ ਪ੍ਰਸਾਦਿ ।।

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ : 20/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਅੰਕ: 131

D.O.P. 10 Nov. 2019



- **ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥** ਨਾਮ ਹੇਠ ਇਕ ਦਿਨ ਦਾ ਸਮਾਗਮ ਰੱਖਿਆ ਗਿਆ ਜਿਸ ਵਿੱਚ ਜੋੜਿਆ ਦੀ ਸੇਵਾ ਤੋਂ ਲੈ ਕੇ ਅਰਦਾਸ ਹੁਕਮਨਾਮੇ ਤੱਕ ਦੀ ਸਾਰੀ ਸੇਵਾ ਬੀਬੀਆਂ ਨੇ ਹੀ ਨਿਭਾਈ।
- ਔਰਤ ਹੁੰਦਿਆ ਹੋਇਆ ਵੱਡੇ ਅਹੁਦਿਆਂ ਤੇ ਪਹੁੰਚ ਕੇ ਸਿੱਖੀ ਸਰੂਪ ਨੂੰ ਸੰਭਾਲਿਆ, ਧਾਰਮਿਕ ਅਤੇ ਸਮਾਜਿਕ ਸੇਵਾਵਾਂ ਵਿਚ ਯੋਗਦਾਨ ਇਹਨਾਂ ਸਖਸ਼ੀਅਤਾਂ ਨੂੰ ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ।
- ਜਿਨ੍ਹਾਂ ਮਾਤਾ ਪਿਤਾ ਦੀਆਂ ਤਿੰਨ ਬੱਚੀਆਂ ਉਨ੍ਹਾਂ ਬੱਚੀਆਂ ਦੀ ਪੜ੍ਹਾਈ ਵਿੱਚ ਸਹਿਯੋਗ ਲਈ 5200/- ਰੁ: ਦੇ ਚੈੱਕ ਦੇ ਕੇ ਵਿਸ਼ੇਸ਼ ਸਨਮਾਨਿਤ ਕੀਤਾ ਗਿਆ।

1

2

3

4

5

6

7


1. ਕੈਪਟਨ ਰਮਨਦੀਪ ਕੌਰ (ਕੋ-ਪਾਈਲਟ ਸਪਾਈਸ ਜੈੱਟ ਏਅਰ ਬੇਸ), 2. ਬੀਬੀ ਕੁਲਵਿੰਦਰ ਕੌਰ ਜੀ (ਪ੍ਰਿੰਸੀਪਲ ਸਰਕਾਰੀ ਹਾਈ ਸਕੂਲ, ਪਲਾਸੌਰ ਕਲਾਂ), 3. ਬੀਬੀ ਜਗਜੀਤ ਕੌਰ ਜੀ (ਪ੍ਰਿੰਸੀਪਲ ਬੀਬੀ ਕੌਲਾਂ ਜੀ ਸੀਨੀਅਰ ਸਕੈਂਡਰੀ ਪਬਲਿਕ ਸਕੂਲ ਬ੍ਰਾਂਚ-2), 4. ਬੀਬੀ ਇੰਦਰਜੀਤ ਕੌਰ ਜੀ (ਪ੍ਰਧਾਨ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਰਜ਼ਿ) ਸ੍ਰੀ ਅੰਮ੍ਰਿਤਸਰ, 5. ਬੀਬੀ ਮਹਿੰਦਰਜੀਤ ਕੌਰ ਜੀ ਅਤੇ ਸ੍ਰ. ਕਵਲਜੀਤ ਸਿੰਘ ਜੀ ਅਗੋਸ਼ ਸਕੂਲ ਅੰਮ੍ਰਿਤਸਰ, 6. ਬੀਬੀ ਜਗਜੀਤ ਕੌਰ ਜੀ (ਭਾਈ ਮਤੀਦਾਸ ਜੀ ਚੈਰੀਟੇਬਲ ਸੁਸਾਇਟੀ) ਯਮੁਨਾਪਾਰ ਨਵੀਂ ਦਿੱਲੀ, 7. ਮਾਤਾ ਵਿੱਪਨਪ੍ਰੀਤ ਕੌਰ ਜੀ (ਬਾਬਾ ਕੁੰਦਨ ਸਿੰਘ ਜੀ ਭਲਾਈ ਟਰੱਸਟ) ਲੁਧਿਆਣਾ, ਸਿੱਖੀ ਸਰੂਪ ਅਤੇ ਸਮਾਜਿਕ ਸੇਵਾਵਾਂ ਨੂੰ ਮੁੱਖ ਰੱਖਦਿਆਂ ਹੋਇਆਂ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥" ਐਵਾਰਡ ਨਾਲ ਸਨਮਾਨਿਤ ਕਰਦੇ ਹੋਏ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਬੀਬੀ ਜਤਿੰਦਰ ਕੌਰ ਜੀ, ਬੀਬੀ ਪਰਮਜੀਤ ਕੌਰ ਜੀ, ਭਾਈ ਤੇਜਪਾਲ ਸਿੰਘ ਜੀ ਤੇ ਹੋਰ ਸਹਿਯੋਗੀ।





ਜਿਹੜੇ ਮਾਤਾ-ਪਿਤਾ ਦੀਆਂ ਤਿੰਨ ਬੱਚੀਆਂ ਹਨ ਉਨ੍ਹਾਂ 20 ਪਰਿਵਾਰਾਂ ਨੂੰ 5200/- ਰੁਪਏ ਦੇ ਚੈੱਕ ਦੇ ਕੇ ਵਿਸ਼ੇਸ਼ ਸਨਮਾਨਿਤ ਕਰਦੇ ਹੋਏ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਬੀਬੀ ਜਤਿੰਦਰ ਕੌਰ ਜੀ, ਮਾਤਾ ਵਿਪਨਪ੍ਰੀਤ ਕੌਰ ਜੀ, ਬੀਬੀ ਪਰਮਜੀਤ ਕੌਰ ਜੀ, ਬੀਬੀ ਜਗਜੀਤ ਕੌਰ ਜੀ ਦਿੱਲੀ, ਸ੍ਰ. ਟਹਿਲਇੰਦਰ ਸਿੰਘ ਜੀ ਟਰੱਸਟੀ ਮੈਂਬਰ, ਭਾਈ ਤੇਜਪਾਲ ਸਿੰਘ ਜੀ ਅਤੇ ਭਾਈ ਸੁਖਵਿੰਦਰ ਸਿੰਘ (ਗੋਗਾ ਵੀਰ ਜੀ)

Asr. G.P.O.No. PB0001/ 2018-20

ੴ ਸਤਿਗੁਰ ਪ੍ਰਸਾਦਿ।।

ਅੰਕ-131ਵਾਂ (2019)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ, ਭਾਈ ਜਸਵਿੰਦਰ ਸਿੰਘ (ਪਟਿਆਲਾ) ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ
ਸ. ਕੰਵਲਜੀਤ ਸਿੰਘ, ਦਿੱਲੀ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਕੰਪਿਊਟਰ: ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 100 ਰੁ. | ਸਲਾਨਾ ਚੰਦਾ | 800 ਰੁ. |
| 2 ਸਾਲ ਲਈ | 200 ਰੁ. | 2 ਸਾਲ ਲਈ | 1600 ਰੁ. |
| 5 ਸਾਲ ਲਈ | 400 ਰੁ. | 5 ਸਾਲ ਲਈ | 3200 ਰੁ. |
| ਲਾਈਫ ਮੈਂਬਰਸ਼ਿਪ | 1600 ਰੁ. | ਲਾਈਫ ਮੈਂਬਰਸ਼ਿਪ | 12800 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

ਸੰਪਾਦਕੀ 4
ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ
ਧੰਨ ਧੰਨ ਮਾਤਾ ਸੁਲੱਖਣੀ ਜੀ 5
ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ
(ਸ੍ਰੀਮਾਨ ਸੰਤ ਸੁਜਾਨ ਸਿੰਘ ਜੀ) 15
ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਬੇਨਤੀ 19
ਸੱਚ ਆਚਾਰ - ਪ੍ਰੈਕਟੀਕਲ ਜੀਵਨ 20
ਆਓ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਪਛਾਣੀਏ! 22
ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਪਰਥਾਏ ਅਨੁਭਵੀ ਬਚਨ 24
ਪ੍ਰਸ਼ਨੋਤਰੀ 29
ਅਧਿਆਤਮਿਕ ਵਿਚਾਰਾਂ 33
ਪਰਖ ਤੇ ਪ੍ਰਪੱਕਤਾ 34
ਅਨਮੋਲ ਬਚਨ 35
36ਵਾਂ ਸਲਾਨਾ ਸਮਾਗਮ ਅਤੇ ਬਾਲ ਫੁਲਵਾੜੀ
ਸਮਾਗਮ ਦੀਆਂ ਕੁਝ ਝਲਕੀਆਂ 36-37
तीन प्रकार की हिंसा कौन-सी होती है? 38
श्री गुरु नानक देव जी के घर की बड़ाई 45
प्रश्नोत्तरी 48
Clear Glimpses of
Sri Guru Nanak Dev Ji's Incarnation 53
Tulsan : The Maid 57
Meeting Guru Nanak, the God 58

ਨੋਟ : ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ

# ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 550 ਸਾਲਾ ਪਾਵਨ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਆਪਣੇ ਸਿੱਖ ਲਈ ਸਭ ਤੋਂ ਵੱਡੀ ਦਾਤ ਲੈ ਕੇ ਆਏ, ਉਹ ਹੈ ਗੁਰਬਾਣੀ। ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ, ਕਿਸੇ ਦਾ ਪਿਤਾ ਆਪਣੇ ਬੱਚਿਆਂ ਲਈ ਫਰੂਟ ਲੈ ਕੇ ਆਉਂਦਾ ਹੈ, ਕਿਸੇ ਦਾ ਪਿਤਾ ਆਪਣੇ ਬੱਚਿਆਂ ਲਈ ਬਸਤਰ ਲੈ ਕੇ ਆਉਂਦਾ ਹੈ, ਕਿਸੇ ਦਾ ਪਿਤਾ ਆਪਣੇ ਬੱਚਿਆਂ ਲਈ ਕੁਝ ਹੋਰ ਵਸਤੂ ਲੈ ਕੇ ਆਉਂਦਾ ਹੈ ਪਰ ਸਾਡੇ ਪਿਤਾ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਆਪਣੇ ਸਿੱਖ ਲਈ ਦਰਗਾਹ ਵਿੱਚੋਂ ਗੁਰਬਾਣੀ ਦੀ ਦਾਤ ਲੈ ਕੇ ਆਏ ਹਨ।

ਸਾਂਝੀਵਾਲਤਾ ਦੇ ਪ੍ਰਤੀਕ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪੰਜਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ ਤੇ ਆਪਣੇ ਸਿੱਖਾਂ ਨੂੰ ਗੁਰਬਾਣੀ ਨਾਲ ਜੋੜਿਆ। ਪਹਿਲੇ ਚਾਰ ਗੁਰੂ ਸਾਹਿਬਾਨਾਂ ਵੱਲੋਂ ਉਚਾਰਨ ਕੀਤੀ ਪਾਵਨ ਗੁਰਬਾਣੀ ਦੀਆਂ ਸੈਂਚੀਆਂ ਲੈਣ ਲਈ ਪਿਤਾ ਜੀ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਆਪ ਚੱਲ ਕੇ ਬਾਬਾ ਮੋਹਨ ਜੀ ਕੋਲ ਸ੍ਰੀ ਗੋਇੰਦਵਾਲ ਸਾਹਿਬ ਗਏ ਤੇ ਉਨ੍ਹਾਂ ਪਾਵਨ ਸੈਂਚੀਆਂ ਨੂੰ ਲਿਆ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੁਖ ਭੰਜਨੀ ਸਾਹਿਬ ਕੋਲ ਬਣੇ ਥੜ੍ਹਾ ਸਾਹਿਬ ਜਿਸ ਨੂੰ ਅਠਸਠਿ ਤੀਰਥ ਕਿਹਾ ਜਾਂਦਾ ਹੈ, ਵਿਖੇ ਬਿਰਾਜਮਾਨ ਕੀਤੀਆਂ ਤੇ ਸਿੱਖਾਂ ਨੂੰ ਕਿਹਾ ਕਿ ਸਾਨੂੰ ਦਰਸ਼ਨ ਕਰਵਾਓ। ਜਦੋਂ ਸਿੱਖਾਂ ਨੇ ਦਰਸ਼ਨ ਕਰਵਾਏ ਤੇ ਫਿਰ ਪੰਜਵੇਂ ਪਾਤਸ਼ਾਹ ਜੀ ਨੇ ਇਹ ਸ਼ਬਦ ਉਚਾਰਨ ਕੀਤਾ :

*ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥੧॥* *(ਅੰਗ ੧੮੬)*

ਕਿੰਨਾ ਸਤਿਕਾਰ ਕੀਤਾ, ਪਿਤਾ ਜੀ ਨੇ ਗੁਰਬਾਣੀ ਦਾ। ਹੋਰ ਦੇਖੀਏ ਤੇ ਜਦੋਂ ਸਤਿਗੁਰੂ ਜੀ ਦਾ ਪ੍ਰਕਾਸ਼ ਹੋਇਆ ਤੇ ਰਾਤ ਨੂੰ ਸੁਖ ਆਸਣ ਕਰਨ ਦਾ ਸਮਾਂ ਆਇਆ ਤੇ ਬਾਬਾ ਬੁੱਢਾ ਸਾਹਿਬ ਜੀ ਨੇ ਗੁਰੂ ਜੀ ਨੂੰ ਪੁੱਛਿਆ ਕਿ ਇਹ ਬਾਣੀ ਕਿੱਥੇ ਬਿਰਾਜਮਾਨ ਕਰੀਏ ਤੇ ਪੰਜਵੇਂ ਪਾਤਸ਼ਾਹ ਜੀ ਨੇ ਕਿੰਨੀ ਸੇਧ ਬਖਸ਼ੀ, ਕਹਿੰਦੇ, ਹੁਣ ਮਾਲਕ ਘਰ ਆ ਗਏ ਹਨ ਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਸਰੂਪ ਉਸ ਪਲੰਘ ਤੇ ਰਾਤ ਬਿਰਾਜਮਾਨ ਕਰੋ ਜਿੱਥੇ ਅਸੀਂ ਅਰਾਮ ਕਰਦੇ ਹਾਂ ਤੇ ਸਾਡੀ ਵਿਛਾਈ ਭੁੰਞੇ ਕਰ ਦਿਓ। ਵੇਖੋ, ਬਾਣੀ ਦਾ ਕਿੰਨਾ ਸਤਿਕਾਰ। ਇਹ ਸੇਧ ਅਸੀਂ ਘਰ-ਘਰ ਪਹੁੰਚਾਈਏ। ਦੂਜੀ ਗੱਲ ਕੋਈ ਗੁਰਪੁਰਬ ਆਵੇ, ਲੰਗਰ ਵੀ ਲਗਾਈਏ, ਛਬੀਲਾਂ ਵੀ ਲਗਾਈਏ, ਲਾਈਟਾਂ ਵੀ ਲਗਾਈਏ ਪਰ ਇਹ ਸਭ ਕੁਝ ਕਰਦਿਆਂ ਨਾਲ ਨਾਮ ਦਾ ਏਕਾ ਜ਼ਰੂਰ ਲਗਾ ਲਈਏ। ਆਪਣੀ ਬੰਦਗੀ, ਆਪਣਾ ਸਿਮਰਨ, ਆਪਣੀ ਭਗਤੀ ਦਾ ਨੇਮ ਜ਼ਰੂਰ ਵਧਾਈਏ। ਜੇ ਪਿਤਾ ਜੀ ਨੇ ਇਹ ਗੁਰਬਾਣੀ ਰੂਪੀ ਖਜ਼ਾਨਾ ਸਾਡੀ ਝੋਲੀ ਪਾਇਆ ਹੈ ਤੇ ਇਸ ਦਾ ਲਾਹਾ ਲਈਏ। ਬਾਬਾ ਨੰਦ ਸਿੰਘ ਜੀ ਦਾ ਉਹ ਬਚਨ ਸੰਭਾਲ ਕੇ ਰੱਖੀਏ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਾਡੇ ਲਈ ਦਰਗਾਹ ਤੋਂ ਗੁਰਬਾਣੀ ਰੂਪੀ ਇਲਾਹੀ ਦਾਤ ਲੈ ਕੇ ਆਏ ਹਨ। ਇਸ ਲਈ ਗੁਰਬਾਣੀ ਪ੍ਰਤੀ ਆਪਣੇ ਤੇ ਜਿੰਨਾ ਬੈਨ ਲਗਾਈਏ, ਉਨਾ ਹੀ ਥੋੜ੍ਹਾ ਹੈ।

ਪੁਰਾਤਨ ਗੁਰਸਿੱਖਾਂ ਦਾ ਇਤਿਹਾਸ ਦੇਖੀਏ ਤੇ ਅੰਮ੍ਰਿਤ ਵੇਲੇ ਕੁਝ ਛਕਣ ਤੋਂ ਪਹਿਲਾਂ ਕਿੰਨਾ ਤਕੜਾ ਨਿਤਨੇਮ ਦਾ ਚੌਕੜਾ ਹੁੰਦਾ ਸੀ। ਇਹ ਸੇਧ ਲਈਏ। ਆਪ ਵੀ ਤੁਰੀਏ ਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰਨਾ ਦੇ ਕੇ ਗੁਰਬਾਣੀ ਦੇ ਰਾਹ ਦਾ ਪਾਂਧੀ ਬਣਾਈਏ। ਸ੍ਰੀ ਜਪੁਜੀ ਸਾਹਿਬ, ਸ੍ਰੀ ਸੁਖਮਨੀ ਸਾਹਿਬ, ਸ੍ਰੀ ਚੌਪਈ ਸਾਹਿਬ, ਸ੍ਰੀ ਸਹਿਜ ਪਾਠ ਦਾ ਸਾਡਾ ਇੰਨਾ ਨੇਮ ਹੋਵੇ ਕਿ ਉਹ ਸਮਾਂ ਬਣ ਜਾਵੇ ਕਿ ਗੁਰਬਾਣੀ ਦੀ ਰੌਂਅ ਸਾਡੇ ਅੰਦਰੋਂ ਕਦੀ ਟੁੱਟੇ ਹੀ ਨਾ। ਕੋਈ ਦੁਨਿਆਵੀ ਕੰਮ ਵੀ ਕਰਦੇ ਹੋਈਏ ਤੇ ਸਾਡੇ ਅੰਦਰੋਂ ਸਿਮਰਨ ਦਾ, ਗੁਰਬਾਣੀ ਦਾ ਕਦੀ ਭੋਗ ਨਾ ਪਵੇ। ਇੰਨਾ ਪਿਆਰ ਕਰੀਏ, ਗੁਰਬਾਣੀ ਨਾਲ। ਜੇ ਕੋਈ ਦੁਖ ਆ ਗਿਆ ਹੈ ਤਾਂ ਵੀ ਗੁਰਬਾਣੀ ਦਾ ਨੇਮ ਵੱਧ ਜਾਵੇ। ਜੇ ਗੁਰੂ ਸਾਹਿਬ ਨੇ ਕੋਈ ਕਿਰਪਾ ਕੀਤੀ ਹੈ ਤੇ ਸ਼ੁਕਰਾਨੇ ਵਿੱਚ ਨੇਮ ਵੱਧ ਜਾਵੇ ਤੇ ਜੇ ਕੋਈ ਗੁਰਪੁਰਬ ਮਨਾ ਰਹੇ ਹਾਂ ਤੇ ਉਸ ਦਿਨ ਵੀ ਸਾਡਾ ਨੇਮ ਦਾ ਚੌਕੜਾ ਰੁਟੀਨ ਦੇ ਨੇਮ ਨਾਲੋਂ ਕਿਤੇ ਜ਼ਿਆਦਾ ਵਧਿਆ ਹੋਵੇ। ਭਾਈ ਗੁਰਦਾਸ ਜੀ ਦੀ ਪੰਕਤੀ ਵੀ ਸਾਡੀ ਇਸ ਪੱਖੋਂ ਅਗਵਾਈ ਕਰਦੀ ਹੈ :

*ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ ॥* *(ਵਾਰ : ੧੨, ਪਉੜੀ ੨)*

ਇਸ ਲਈ ਆਓ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪਾਵਨ ਪ੍ਰਕਾਸ਼ ਦਿਹਾੜਾ ਮਨਾਉਂਦਿਆਂ ਆਪ ਵੀ ਗੁਰਬਾਣੀ ਨਾਲ ਜੁੜੀਏ ਤੇ ਆਪਣੇ ਬੱਚਿਆਂ ਨੂੰ ਵੀ ਗੁਰਬਾਣੀ ਨਾਲ ਜੋੜੀਏ।

*ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥*

*—ਸੰਪਾਦਕ*

ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਮਹਿਲ ਜਿਨ੍ਹਾਂ ਨੂੰ ਗੁਰੂ ਸਾਹਿਬ ਪਰਮੇਸ਼ਰ ਦੀਏ ਸੁਲੱਖਣੀਏ ਕਹਿ ਕੇ ਬੁਲਾਉਂਦੇ ਸਨ।

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ
# ਧੰਨ ਧੰਨ ਮਾਤਾ ਸੁਲੱਖਣੀ ਜੀ

*—ਜਸਵਿੰਦਰ ਸਿੰਘ ਪਟਿਆਲਾ*

ਕਈ ਵਾਰ ਘਰ ਵਿੱਚ ਕੋਈ ਉੱਚਾ ਨੀਵਾਂ ਬੋਲਿਆ ਜਾਵੇ ਤੇ ਫਿਰ ਅਸੀਂ ਕਈ ਵਾਰ ਕਹਿੰਦੇ ਹਾਂ, ਮੇਰੇ ਨਾਲ ਇਹ ਬੀਤੀ, ਸਾਡੇ ਘਰ ਇਹ ਬੀਤੀ। ਮੇਰੇ ਨਾਲ ਫਲਾਣੇ ਨੇ ਇੰਝ ਕੀਤਾ। ਗੁਰੂ ਸਾਹਿਬ ਕਹਿੰਦੇ ਹਨ, ਥੋੜ੍ਹਾ ਉੱਚਾ ਹੋ ਕੇ ਵੇਖ। ਇਹ ਸੰਸਾਰ ਅੱਗ ਦਾ ਸਾਗਰ ਹੈ। ਇਹ ਪੰਕਤੀ ਸੁਣਿਓ ਜੀ। ਦਾਸ ਨੂੰ ਇੰਝ ਲੱਗਦਾ ਹੈ ਕਿ ਜਦੋਂ ਮਹਾਰਾਜ ਜੀ ਨੇ ਇਹ ਸ਼ਬਦ ਉਚਾਰਿਆ, ਅੰਦਰ ਹਾਅ ਨਿਕਲਦੀ ਹੈ :

*ਰਾਗੁ ਧਨਾਸਰੀ ਮਹਲਾ ੫*
*ੴ ਸਤਿਗੁਰ ਪ੍ਰਸਾਦਿ ॥*
*ਹਾ ਹਾ ਪ੍ਰਭ ਰਾਖਿ ਲੇਹੁ ॥*
*ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ*
*ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥੧॥ ਰਹਾਉ ॥*

*(ਅੰਗ ੬੭੫)*

ਮਹਾਰਾਜ ਜੀ, ਹੁਣ ਆਪ ਜੀ ਆਪ ਹੀ ਤਰਸ ਕਰਕੇ ਰੱਖ ਲੈਣਾ। ਅਖੀਰ ਜਿਵੇਂ ਅੰਦਰ ਹਾਅ ਨਿਕਲਦੀ ਹੈ। ਫਿਰ ਮਹਾਰਾਜ ਜੀ, ਸੰਸਾਰ ਦੀ ਹਾਲਤ ਦੱਸਦੇ ਹਨ, ਸਾਡੇ ਗਿਆਨ ਲਈ। ਨਿੱਕੀਆਂ-ਨਿੱਕੀਆਂ ਗੱਲਾਂ ਦਿਲ ਨੂੰ ਨਾ ਲਗਾ। ਉੱਚਾ ਚੜ੍ਹ ਕੇ ਦੇਖਿਆ, ਘਰ-ਘਰ ਇਹ ਅੱਗ ਹੈ। ਕਰਮਾਂ ਦੀ ਖੇਡ ਹੈ ਗੁਰੂ ਸਾਹਿਬ, ਇਸ ਸ਼ਬਦ ਰਾਹੀਂ ਇਹੀ ਸਮਝਾਉਂਦੇ ਹਨ, ਨਾਮ ਹੀ ਬਚਾਅ ਸਕਦਾ ਹੈ। ਨਹੀਂ ਤਾਂ ਸੰਸਾਰ ਦੀ ਹਾਲਤ ਇਹ ਹੈ :

*ਅਗਨਿ ਕੁਟੰਬ ਸਾਗਰ ਸੰਸਾਰ ॥*
*ਭਰਮ ਮੋਹ ਅਗਿਆਨ ਅੰਧਾਰ ॥੧॥*
*ਊਚ ਨੀਚ ਸੂਖ ਦੂਖ ॥*
*ਧ੍ਰਾਪਸਿ ਨਾਹੀ ਤ੍ਰਿਸਨਾ ਭੂਖ ॥੨॥*
*ਮਨਿ ਬਾਸਨਾ ਰਚਿ ਬਿਖੈ ਬਿਆਧਿ ॥*
*ਪੰਚ ਦੂਤ ਸੰਗਿ ਮਹਾ ਅਸਾਧ ॥੩॥*
*ਜੀਅ ਜਹਾਨੁ ਪ੍ਰਾਨ ਧਨੁ ਤੇਰਾ ॥*
*ਨਾਨਕ ਜਾਨੁ ਸਦਾ ਹਰਿ ਨੇਰਾ ॥੪॥੧॥੧੯॥*

*(ਅੰਗ ੬੭੫)*

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 550 ਸਾਲਾ ਪਾਵਨ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ। ਗੁਰੂ ਸਾਹਿਬ ਨੇ ਲੋਕਾਈ ਨੂੰ ਨਾਮ ਨਾਲ ਹੀ ਜੋੜਿਆ ਹੈ। ਆਓ, ਹੁਣ ਜਿਹੜਾ ਪ੍ਰਕਰਨ ਚੱਲ ਰਿਹਾ ਹੈ। ਉਸ ਪ੍ਰਕਰਨ ਵਿੱਚ ਅੱਜ ਆਪਾਂ ਦਰਸ਼ਨ ਕਰਨੇ ਹਨ, ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਮਹਿਲ ਧੰਨ ਮਾਤਾ ਸੁਲੱਖਣੀ ਜੀ।

*ਮ : ੧ ॥*
*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥*

*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥*
*ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥*
*ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥*
*(ਅੰਗ ੪੭੩)*

ਸਾਰੀ ਸੰਗਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਆਰ, ਸਤਿਕਾਰ ਵਿੱਚ ਭਿੱਜ ਕੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਜੀ। ਇੱਕ ਪ੍ਰਕਰਨ ਦੀ ਮਹਾਰਾਜ ਜੀ ਸੇਵਾ ਲੈ ਰਹੇ ਹਨ।

## ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ :

ਮਹਾਂਪੁਰਸ਼ਾਂ, ਗੁਣੀ-ਗਿਆਨੀਆਂ ਤੋਂ ਦਾਸ ਨੇ ਸੁਣਿਆ ਹੈ, ਇੱਕ ਲੜਕੀ, ਇੱਕ ਔਰਤ, ਨਾਮ ਨਾਲ ਜੁੜ ਜਾਵੇ, ਸਮਝ ਲਓ, ਇੱਕ ਕੁੱਲ ਨਾਮ ਨਾਲ ਜੁੜ ਗਈ। ਇਤਨਾ ਭਾਰੀ ਅਸਰ ਹੈ। ਮੰਨ ਲਓ ਅੱਜ ਕੋਈ ਲੜਕੀ ਵਿਆਹੀ ਹੈ। ਉਹ ਲੜਕੀ ਆਪਣੇ ਬੱਚਿਆਂ ਨਾਲ ਪੰਜਾਬੀ ਵਿੱਚ ਗੱਲ ਕਰਦੀ ਹੈ, ਸਮਝ ਲਓ, ਉਸ ਦੀ ਕੁੱਲ ਵਿੱਚ ਗੁਰਮੁਖੀ ਰਹੇਗੀ, ਪੰਜਾਬੀ ਰਹੇਗੀ, ਬਾਬਾ ਜੀ ਦੀ ਬੋਲੀ ਰਹੇਗੀ, ਉਹ ਆਪਣੀ ਕੁੱਲ ਵਿੱਚ ਹਿੰਦੀ ਵਿੱਚ ਗੱਲ ਕਰਦੀ ਹੈ ਤੇ ਉਸ ਦੀ ਅੱਗੋਂ ਕੁੱਲ ਵੀ ਹਿੰਦੀ ਵਿੱਚ ਹੀ ਗੱਲ ਕਰੇਗੀ ਤੇ ਹੌਲੀ-ਹੌਲੀ ਗੁਰਮੁਖੀ ਖਤਮ ਹੋ ਜਾਵੇਗੀ। ਇੱਕ ਔਰਤ ਜੁੜ ਗਈ, ਇੱਕ ਕੁੱਲ ਜੁੜ ਗਈ। ਇੱਕ ਬੱਚੀ ਵਿਆਹੀ ਹੈ, ਉਸ ਨੇ ਸੰਗਤ ਕੀਤੀ ਹੈ। ਵਾਜਾ ਸਿੱਖਿਆ ਹੋਇਆ ਹੈ। ਕੀਰਤਨ ਸਿੱਖਿਆ ਹੋਇਆ ਹੈ। ਬਾਣੀ ਕੰਠ ਕੀਤੀ ਹੈ। ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰਦਾ ਹੈ, ਉਸ ਦੇ ਅੰਦਰ ਖਾਨਾ ਬਣਿਆ ਹੋਵੇਗਾ ਕਿ ਵਾਹਿਗੁਰੂ ਜੀ, ਜਦੋਂ ਮੇਰੀ ਔਲਾਦ ਹੋਵੇਗੀ ਤੇ ਮੈਂ ਉਸਨੂੰ ਵੀ ਕੀਰਤਨ ਸਿਖਾਵਾਂ। ਉਸ ਨੂੰ ਵੀ ਮੈਂ ਗੁਰਬਾਣੀ ਨਾਲ ਜੋੜਾਂ, ਜਪੁਜੀ ਸਾਹਿਬ ਸਿਖਾਵਾਂ। ਇੱਕ ਬੀਬੀ ਜੁੜ ਗਈ, ਇੱਕ ਕੁੱਲ ਜੁੜ ਗਈ। ਇਨ੍ਹਾਂ ਚੀਜ਼ਾਂ ਨੂੰ ਸਾਡੇ ਪਿਤਾ ਜੀ ਨੇ ਸਾਹਮਣੇ ਲਿਆਂਦਾ ਹੈ।

ਇਸ ਅੰਕ ਵਿੱਚ ਆਪ ਜੀ ਨੇ ਬਹੁਤ ਹੀ ਪਿਆਰ ਸਤਿਕਾਰ ਵਾਲੀ ਬੀਬੀ ਜੀ ਦੇ ਦਰਸ਼ਨ ਕਰਨੇ ਹਨ :

*ਧੰਨ ਧੰਨ ਮਾਤਾ ਸੁਲੱਖਣੀ ਜੀ*

*ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਮਹਿਲ*

ਕੀ-ਕੀ ਉਨ੍ਹਾਂ ਨੇ ਆਪਣੇ ਤੇ ਸਹਾਰਿਆ ਜਦੋਂ ਗੁਰੂ ਨਾਨਕ ਮਹਾਰਾਜ ਜੀ ਨੂੰ ਉਦਾਸੀਆਂ ਤੇ ਭੇਜਿਆ। ਇਤਿਹਾਸ ਵਿੱਚ ਕਿੰਨਾ ਵੱਡਾ ਉਨ੍ਹਾਂ ਦਾ ਰੋਲ ਹੈ। ਤੁਸੀਂ ਸਿਰ ਤੇ ਹੱਥ ਰੱਖ ਕੇ ਸੇਵਾ ਲੈਣੀ। ਇੱਕ ਵਾਰ ਪੰਕਤੀ ਪੜ੍ਹਕੇ ਲਗਾਓ ਹਾਜ਼ਰੀ, ਪਿਆਰ ਨਾਲ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*(ਅੰਗ ੪੭੩)*

**ਇੱਕ ਲੜਕੀ, ਇੱਕ ਔਰਤ, ਨਾਮ ਨਾਲ ਜੁੜ ਜਾਵੇ, ਸਮਝ ਲਓ, ਇੱਕ ਕੁੱਲ ਨਾਮ ਨਾਲ ਜੁੜ ਗਈ।**

ਉਨ੍ਹਾਂ ਰਾਈਟਰਾਂ ਤੋਂ ਕੁਰਬਾਨ ਜਾਈਏ, ਜਿਨ੍ਹਾਂ ਰਾਈਟਰਾਂ ਦੀ ਕਲਮਾਂ ਵਿੱਚ ਸਤਿਗੁਰਾਂ ਜੀ ਨੇ ਇਹੋ ਜਿਹਾ ਰਸ ਭਰਿਆ ਹੈ ਕਿ ਧਰਤੀ ਤੇ ਜਨਮ ਲੈਣ ਵਾਲਾ ਮਨੁੱਖ ਸਾਧ ਸੰਗਤ ਜੀ, ਉਸ ਰਸ ਵਿੱਚੋਂ ਰਸ ਲੈਂਦਾ ਹੈ। ਦਾਸ ਨੂੰ ਲਫਜ਼ ਬੜੇ ਵਧੀਆ ਲੱਗੇ। ਅਸੀਂ ਇਹ ਵੀ ਕਹਿ ਸਕਦੇ ਹਾਂ, ਗੁਰੂ ਨਾਨਕ ਮਹਾਰਾਜ ਜੀ ਦੇ ਸੁਪਤਨੀ ਮਾਤਾ ਸੁਲੱਖਣੀ ਜੀ, ਗੁਰੂ ਨਾਨਕ ਮਹਾਰਾਜ ਜੀ ਦੇ ਮਹਿਲ ਪਰ ਭਾਈ ਵੀਰ ਸਿੰਘ ਜੀ ਨੇ ਇੰਝ ਸ਼ੁਰੂ ਕਰ ਦਿੱਤਾ, ਵੇਖਿਓ, ਜ਼ਰਾ ਕਿੰਨਾ ਰਸ ਹੈ। ਇੱਥੋਂ ਸ਼ੁਰੂ ਕਰਦੇ ਹਨ, ਜਗਤ ਪਿਤਾ। ਅਸੀਂ ਕਹਿ ਦਿਆਂਗੇ, ਗੁਰੂ ਨਾਨਕ ਜੀ। ਉਸ ਕਲਮ ਵਿੱਚ ਕਿੰਨਾ ਰਸ ਹੈ। ਜਗਤ ਪਿਤਾ, ਸਾਰੇ ਜਗਤ ਦੇ

ਪਿਤਾ। ਦੂਜਾ ਲਫਜ਼ ਵਰਤਦੇ ਹਨ, ਭਾਈ ਵੀਰ ਸਿੰਘ ਜੀ, ਜਗਤ ਗੁਰੂ। ਕਿੰਨਾ ਰਸ ਹੈ। ਜਗਤ ਪਿਤਾ, ਜਗਤ ਗੁਰੂ। ਤੀਜਾ ਲਫਜ਼ ਵਰਤਦੇ ਹਨ, ਜਗਤ ਸੁਆਮੀ। ਵੇਖੋ ਕਿੰਨਾ ਰਸ ਸ਼ੁਰੂਆਤ ਵਿੱਚ ਹੀ ਆ ਜਾਂਦਾ ਹੈ। ਭਾਈ ਵੀਰ ਸਿੰਘ ਜੀ ਲਿਖਦੇ ਹਨ, ਜਗਤ ਪਿਤਾ, ਜਗਤ ਗੁਰੂ, ਜਗਤ ਸੁਆਮੀ, ਗੁਰੂ ਨਾਨਕ ਮਹਾਰਾਜ ਜੀ ਦੀ ਪਤਨੀ ਕਹਿਲਾਉਣ ਵਾਲੀ ਸ਼ੁਭ ਲਖਣਾਂ ਵਾਲੀ ਆਤਮਾ ਦਾ ਨਾਂ ਹੈ, ਮਾਤਾ ਸੁਲੱਖਣੀ ਜੀ।

ਇਹ ਦਾਸ ਨੇ ਪੰਜ-ਛੇ ਰਾਈਟਰਾਂ ਦੀਆਂ ਕਿਤਾਬਾਂ ਵਿੱਚ ਪੜ੍ਹਿਆ ਹੈ। ਉਨ੍ਹਾਂ ਨੇ ਲਿਖਿਆ ਹੈ ਕਿ ਜਦੋਂ ਵੀ ਗੁਰੂ ਨਾਨਕ ਮਹਾਰਾਜ ਜੀ ਆਪਣੇ ਮਹਿਲ ਸੁਲੱਖਣੀ ਜੀ ਨੂੰ ਬੁਲਾਉਂਦੇ ਸੀ ਤੇ ਕਹਿੰਦੇ ਸੀ, ਪਰਮੇਸ਼ਰ ਦੀਏ ਸੁਲੱਖਣੀਏ, ਆਹ ਕੰਮ ਕਰਕੇ ਆ। ਤੂੰ ਪਰਮੇਸ਼ਰ ਦੀ ਬਣੀ ਹੋਈ ਹੈਂ। ਪਰਮੇਸ਼ਰ ਦੀਏ ਸੁਲੱਖਣੀਏ, ਆਹ ਲੈ ਆ। ਪਰਮੇਸ਼ਰ ਦੀਏ ਸੁਲੱਖਣੀਏ, ਇੰਝ ਕਰ। ਇੰਨਾ ਮਾਣ। ਜਦੋਂ ਬੁਲਾਉਣਾ, ਪਰਮੇਸ਼ਰ ਦੀਏ ਸੁਲੱਖਣੀਏ। ਰੱਬ ਦੀਏ ਸੁਲੱਖਣੀਏ ਕਹਿ ਕੇ ਹੀ ਬੁਲਾਉਣਾ।

ਮਾਤਾ ਸੁਲੱਖਣੀ ਜੀ ਦਾ ਜਨਮ ਪਿੰਡ ਪੱਖੋਕੇ, ਜ਼ਿਲ੍ਹਾ ਗੁਰਦਾਸਪੁਰ ਵਿਖੇ ਹੋਇਆ, ਥੋੜ੍ਹਾ ਜਿਹਾ ਦਾਸ ਤਾਂ ਬੋਲ ਦਿੰਦਾ ਹੈ ਕਿ ਸਾਡਾ ਮਾਨ ਮੱਤਾ ਇਤਿਹਾਸ ਸਭ ਦੇ ਸਾਹਮਣੇ ਹੋਵੇ, ਪਤਾ ਲੱਗਦਾ ਹੈ ਕਿ ਸਾਡੇ ਬਾਬਾ ਨਾਨਕ ਜੀ ਦੇ ਮਹਿਲਾਂ ਦਾ ਕਿੱਥੇ ਜਨਮ ਹੋਇਆ? ਪਿੰਡ ਪੱਖੋਕੇ, ਜ਼ਿਲ੍ਹਾ ਗੁਰਦਾਸਪੁਰ। ਪਿਤਾ ਜੀ ਦਾ ਨਾਂ ਮੂਲ ਚੰਦ। ਮਾਤਾ ਜੀ ਦਾ ਨਾਂ, ਚੰਦੋ ਰਾਣੀ। ਇਹ ਪੱਖੋਕੇ ਜਿਹੜਾ ਹੈ, ਪਿਤਾ ਜੀ ਇੱਥੋਂ ਦੇ ਪਟਵਾਰੀ ਸਨ। ਜਿਹੜੀ ਰਿਹਾਇਸ਼ ਸੀ, ਉਹ ਬਟਾਲੇ ਸੀ। ਮਾਤਾ ਸੁਲੱਖਣੀ ਜੀ ਦੇ ਤੇ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਵਿਚੋਲੇ ਕੌਣ ਬਣੇ ਹਨ? ਕਿਸ ਨੇ ਰਿਸ਼ਤਾ ਕਰਵਾਇਆ, ਵਿਚੋਲਾ ਕੌਣ ਬਣਿਆ?

*ਹੋਇ ਵਿਚੋਲਾ ਆਨਿ ਮਿਲਾਵੈ ॥੧੨॥*

*(ਵਾਰ : ੧੦, ਪਉੜੀ ੧੨)*

ਵਿਚੋਲੇ ਬਣੇ ਹਨ, ਭਾਈਆ ਜੈ ਰਾਮ ਜੀ। ਬੇਬੇ ਨਾਨਕੀ ਜੀ ਦੇ ਘਰੋਂ ਉਨ੍ਹਾਂ ਦੇ ਪਤੀ। ਉਹ ਵਿਚੋਲੇ ਬਣੇ। 1485 ਈਸਵੀ ਨੂੰ ਕੁੜਮਾਈ ਹੋਈ ਹੈ। ਵੇਖ ਲਓ, ਇਹ ਵੀ ਸੋਝੀ ਵਾਲਾ ਬਚਨ ਹੈ। 1485 ਵਿੱਚ ਕੁੜਮਾਈ ਹੋਈ ਹੈ ਤੇ 1487 ਵਿੱਚ ਵਿਆਹ ਹੋਇਆ ਹੈ। ਬਾਬਾ ਜੀ ਦਾ ਵੀ ਰਿਸ਼ਤਾ ਦੋ ਸਾਲ ਹੋਇਆ ਰਿਹਾ। ਅੱਜ ਕਲ੍ਹ ਤਾਂ ਦੋ ਮਹੀਨੇ ਵੀ ਕੱਟਣੇ ਔਖੇ ਹਨ। ਸੋਚ ਦਾ ਦਾਇਰਾ ਇੰਨਾ ਭੀੜਾ ਹੋ ਗਿਆ ਹੈ, ਭਾਨੀ ਮਾਰਨ ਵਾਲੇ ਜ਼ਿਆਦਾ ਹਨ, ਲੱਤਾਂ ਖਿੱਚਣ ਵਾਲੇ ਜ਼ਿਆਦਾ ਹਨ, ਸਿਰ ਜੋੜਨ ਵਾਲੇ ਘੱਟ ਗਏ। ਕਲਯੁੱਗ ਦਾ ਜ਼ੋਰ ਹੈ। ਲੇਕਿਨ ਤੁਸੀਂ ਸੰਗਤ ਕਰਨ ਵਾਲੇ ਹੋ। ਇਹੋ ਜਿਹਾ ਕੋਈ ਛਿੱਟਾ ਆਪ ਜੀ ਦੇ ਜੀਵਨ ਵਿੱਚ ਨਜ਼ਰ ਨਾ ਆਵੇ। ਕਿਧਰੇ ਮਨ ਇਹੋ ਜਿਹੀ ਚੀਜ਼ ਤੋਂ ਪ੍ਰਭਾਵਿਤ ਹੋਣ ਵੀ ਲੱਗੇ, ਇੰਨੀ ਗੱਲ ਕਹਿ ਕੇ ਕਿਸੇ ਦੂਜੇ ਦਾ ਘਰ ਵਿਗਾੜ ਦਿਆਂ ਤੇ ਇੱਕ ਗੱਲ ਯਾਦ ਰੱਖਣੀ ਹੈ, ਅੱਜ ਜੋ ਕੁਝ ਮੁੱਖ ਵਿੱਚੋਂ ਬੋਲ ਕੇ ਬੀਜੇਂਗਾ, ਇੱਕ ਸਮਾਂ ਪੰਜ-ਦਸ ਸਾਲ ਬਾਅਦ ਆਏਗਾ, ਤੈਨੂੰ ਆਪਣੇ ਮੁਤਾਬਕ ਆਪਣੇ ਜੀਵਨ ਨਾਲ ਉਸ ਨੂੰ ਵੱਢਣਾ ਪਵੇਗਾ। ਇਹ ਸਚਾਈ ਹੈ। ਕਿਤੇ ਮਨ ਦੇ ਪ੍ਰਭਾਵ ਹੇਠ, ਕਿਸੇ ਪ੍ਰਾਣੀ ਕੋਲੋਂ ਕਿਸੇ ਧੀ ਦਾ ਘਰ ਉਜੜ ਗਿਆ ਹੈ, ਸਮਝ ਲੈਣਾ ਕਿ ਅੱਜ ਮੈਂ ਬੀਜ ਬੋ ਦਿੱਤਾ ਹੈ। ਇੱਕ ਟਾਈਮ ਆਵੇਗਾ, ਉਸਨੂੰ ਆਪ ਹੀ ਵੱਢਣਾ ਪਵੇਗਾ। ਹੋ ਸਕਦਾ ਹੈ, ਤੇਰੀ ਧੀ ਨਾਲ ਵੀ ਇਸ ਤਰ੍ਹਾਂ ਹੀ ਵੱਢਣਾ ਪਵੇ, ਬੀਤੇਗਾ। ਇਹ ਜ਼ਰੂਰ ਯਾਦ ਰੱਖਣਾ। ਨਿਰਾ ਇਹ ਹੀ ਨਹੀਂ। ਕੋਈ ਵੀ ਐਸਾ ਬੀਜ ਬੀਜਣ ਤੋਂ ਪਹਿਲਾਂ ਇੰਨਾ ਹੀ ਮਨ ਵਿੱਚ ਲੈ ਆਓ, ਅੱਜ ਨਹੀਂ, ਪੰਜ ਸਾਲ, ਦਸ ਸਾਲ, ਅੱਠ ਸਾਲ ਬਾਅਦ ਇਸ ਤਰ੍ਹਾਂ ਹੀ ਮੈਨੂੰ ਵੱਢਣਾ ਪਵੇਗਾ।

ਇਹ ਕਹਿਣਾ ਤਾਂ ਨਹੀਂ ਚਾਹੀਦਾ। ਇੱਕ ਸੱਸ ਦਾਸ ਨੂੰ ਕਹਿਣ ਲੱਗੀ ਕਿ ਮੇਰੀ ਨੂੰਹ ਸੇਵਾ ਨਹੀਂ ਕਰਦੀ। ਦਾਸ ਨੇ ਕਿਹਾ ਕਿ ਗੱਲ ਗਿਆਨ ਦੀ ਹੈ। ਫੀਲ ਨਾ ਕਰਨਾ। ਉਹ ਸੇਵਾ ਨਹੀਂ ਕਰ ਰਹੀ, ਗਲਤ

ਹੈ। ਪਰ ਦਾਸ ਨੇ ਕਿਹਾ ਕਿ ਵੈਸੇ ਦੋ ਮਿੰਟ ਸੋਚ ਲਓ, ਕੀ ਤੁਸੀਂ ਆਪਣੀ ਸੱਸ ਦੀ ਸੇਵਾ ਕੀਤੀ ਸੀ? ਤੁਸੀਂ ਜਦੋਂ ਨੂੰਹ ਸੀ, ਕੀ ਤੁਸੀਂ ਸੇਵਾ ਕੀਤੀ ਸੀ? ਦਾਸ ਨੇ ਕਿਹਾ ਕਿ ਆਪਾਂ ਹੁਣ ਦੋਵੇਂ ਹੀ ਹਾਂ। ਕੋਈ ਪਬਲਿਕ ਵਿੱਚ ਤਾਂ ਦਾਸ ਪੁੱਛ ਨਹੀਂ ਰਿਹਾ। ਸਮਝ ਲਓ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਪਣੇ ਕੋਲ ਹੀ ਖੜ੍ਹੇ ਹਨ ਤੇ ਉਨ੍ਹਾਂ ਦੀ ਹਜ਼ੂਰੀ ਸਮਝ ਕੇ ਸੱਚ ਦੱਸੋ। ਉਨ੍ਹਾਂ ਨੇ ਕਿਹਾ ਕਿ ਮੇਰੀ ਸੱਸ ਦੀ ਤਾਂ ਅੱਖਾਂ ਦੀ ਜੋਤ ਵੀ ਨਹੀਂ ਸੀ। ਉਹ ਕਲਪਦੀ ਬੋਲਦੀ ਰਹਿੰਦੀ ਸੀ। ਵਾਕਿਆ ਹੀ ਮੈਂ ਆਪਣੀ ਸੱਸ ਦੀ ਸੇਵਾ ਨਹੀਂ ਕੀਤੀ। ਦਾਸ ਨੇ ਕਿਹਾ ਕਿ ਫਿਰ ਵੱਢਣਾ ਹੀ ਪਵੇਗਾ, ਹੱਸ ਕੇ ਵੱਢ ਲਓ। ਰੋ ਕੇ ਵੱਢ ਲਓ। ਵੱਢਣਾ ਹੀ ਪਵੇਗਾ। ਇਹ ਮਨ ਹੈ। ਸ਼ੇਰ ਨਾ ਬਣ ਜਾਵੇ, ਇਸ ਨੂੰ ਗਿਆਨ ਦਾ ਭੈਅ ਦਿਓ, ਗੁਰੂ ਸਾਹਿਬ ਦਾ ਭੈਅ। ਅੱਜ ਤੇਰੀ ਸੇਵਾ ਨਹੀਂ ਹੋ ਰਹੀ, ਤੂੰ ਆਪਣਾ ਯਾਦ ਕਰ। ਤੂੰ ਵੀ ਨਹੀਂ ਕੀਤੀ ਹੋਣੀ।

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥*

*(ਅੰਗ ੧੩੪)*

ਦਾਸ ਨੂੰ ਕਹਿਣਾ ਨਹੀਂ ਚਾਹੀਦਾ। ਇੱਕ ਮਹਾਂਪੁਰਸ਼ ਸੀ, ਉਨ੍ਹਾਂ ਦੇ ਸਰੀਰ ਤੇ ਛੋਟੇ ਜਿਹੇ ਹਿੱਸੇ ਉੱਤੇ ਕੋਹੜ ਹੋ ਗਿਆ। ਉਸ ਵਾਸਤੇ ਉਹ ਪੰਜ ਪਾਠ ਸੁਖਮਨੀ ਸਾਹਿਬ ਰੋਜ਼ ਕਰਦੇ ਸੀ। ਤਕਲੀਫ ਸੀ। ਇੱਕ ਵਾਰੀ ਪਿਆਰ ਵਿੱਚ ਉਨ੍ਹਾਂ ਨੇ ਆਪੇ ਹੀ ਸੁਣਾਇਆ ਸੀ। ਕਹਿਣ ਲੱਗੇ, ਸਾਡਾ ਅਖੀਰਲਾ ਜਾਮਾ ਹੈ। ਅਖੀਰਲੇ ਜਾਮੇ ਵਿੱਚ ਸਭ ਵਾਧੇ-ਘਾਟੇ ਭੁਗਤ ਕੇ ਜਾਣਾ ਪੈਂਦਾ ਹੈ। ਕਹਿਣ ਲੱਗੇ, ਪਿਛਲੇ ਜਨਮ ਵਿੱਚ ਇੱਕ ਕੁੱਤੇ ਨੂੰ ਖੁਰਕ ਪਈ ਹੋਈ ਸੀ। ਡਾਂਗ ਸਾਡੇ ਹੱਥ ਵਿੱਚ ਹੁੰਦੀ ਸੀ। ਜਵਾਨੀ ਦਾ ਨਸ਼ਾ ਸੀ। ਦਸ-ਬਾਰ੍ਹਾਂ ਮੁੰਡੇ ਨਾਲ ਹੁੰਦੇ ਸੀ। ਜਿਧਰ ਜਾਈਏ ਨਸ਼ਾ ਪੂਰਾ ਸੀ, ਜਵਾਨੀ ਦਾ। ਉਹ ਕੁੱਤਾ ਸਾਡੇ ਅੱਗੇ ਆ ਗਿਆ। ਕਹਿੰਦੇ, ਅਸੀਂ ਡਾਂਗ ਫੜੀ। ਵਗਾਹ ਕੇ ਮਾਰੀ, ਉਸਨੂੰ। ਕੁੱਤੇ ਨੂੰ ਵਗਾਹ ਕੇ ਡਾਂਗ ਮਾਰੀ। ਡਾਂਗ ਕੁੱਤੇ ਦੇ ਸਿਰ ਤੇ ਵੱਜ ਗਈ ਅਤੇ ਕੁੱਤੇ ਦੀ ਉੱਥੇ ਹੀ ਮੌਤ ਹੋ ਗਈ। ਗਿਆਨ ਵੀ ਸੀ। ਕਹਿਣ ਲੱਗੇ, ਉਸ ਕੁੱਤੇ ਨੂੰ ਖੁਰਕ ਪਈ ਸੀ। ਉਹ ਖੁਰਕ ਅਜੇ ਉਸ ਕੁੱਤੇ ਨੇ ਸਰੀਰ ਤੇ ਭੋਗਣੀ ਸੀ, ਅਸੀਂ ਉਸ ਨੂੰ ਵਿਚਾਲੇ ਮਾਰ ਦਿੱਤਾ। ਉਹ ਕਰਮ ਸਾਡਾ ਡਾਂਗ ਮਾਰਨ ਵਾਲਾ, ਕਿਤਨੇ ਮਹੀਨਿਆਂ, ਕਿਤਨੇ ਸਾਲਾਂ ਦਾ ਬਣ ਕੇ, ਹੁਣ ਸਾਡੇ ਅੱਗੇ ਆਇਆ ਹੈ। ਉਸੇ ਤਰ੍ਹਾਂ ਇਹ ਸਾਡੇ ਸਰੀਰ ਤੇ ਕੋਹੜ ਦਾ ਛੋਟਾ ਜਿਹਾ ਹਿੱਸਾ ਹੈ, ਉਹ ਭੁਗਤ ਰਹੇ ਹਾਂ। ਹੁਣ ਅਖੀਰਲਾ ਜਾਮਾ ਹੈ ਤੇ ਪੂਰਾ ਕਰ ਰਹੇ ਹਾਂ।

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥*

*(ਅੰਗ ੧੩੪)*

ਇਹ ਬੀਜ ਬੀਜਣ ਵੇਲੇ ਸੋਚੋ ਕਿ ਅੱਜ ਨਹੀਂ, ਪੰਜ ਸਾਲ, ਦਸ ਸਾਲ, ਪੰਦਰਾਂ ਸਾਲ ਬਾਅਦ ਵੱਢਣਾ ਨਾ ਕਿਤੇ ਪੈ ਜਾਵੇ। ਅਗਲੇ ਜਨਮ ਵਿੱਚ ਵੀ ਹੋ ਸਕਦਾ ਹੈ। ਉਸ ਦੀ ਲੀਲਾ ਹੈ। ਉੱਥੇ ਹੀ ਆ ਜਾਓ। ਆਪਾਂ ਸੰਗਤ ਕਰਨ ਵਾਲੇ ਹਾਂ। ਇੱਕ-ਇੱਕ ਕਦਮ ਪੁੱਟਣ ਲੱਗਿਆਂ ਵੀ ਭੈਅ ਰੱਖਣਾ ਹੈ, ਗੁਰੂ ਸਾਹਿਬ ਦੀ ਕਿਰਪਾ ਰਵ੍ਹੇ।

ਸਾਡੇ ਬਾਬਾ ਨਾਨਕ ਜੀ, ਮਾਤਾ ਸੁਲੱਖਣੀ ਜੀ ਦੇ ਵਿਚੋਲੇ ਕੌਣ ਬਣੇ? ਭਾਈਆ ਜੈ ਰਾਮ ਜੀ। 1485 ਵਿੱਚ ਕੁੜਮਈ ਹੋਈ। 1487 ਦੋ ਸਾਲ ਰਿਸ਼ਤਾ ਰਿਹਾ। ਬਾਬਾ ਜੀ ਦੀ ਬਰਾਤ ਦੋ ਜਗ੍ਹਾ ਤੋਂ ਚੱਲੀ। ਰਾਇ ਭੋਇ ਦੀ ਤਲਵੰਡੀ ਤੋਂ ਚੱਲੀ ਤੇ ਸੁਲਤਾਨਪੁਰ ਲੋਧੀ ਪਹੁੰਚੀ। ਸੁਲਤਾਨਪੁਰ ਲੋਧੀ ਤੋਂ ਜੋ ਰਸਮੋ-ਰਿਵਾਜ ਸਨ, ਕੁਝ ਕਰਨਾ ਸੀ, ਵੱਡੇ ਪਿਤਾ ਪੁਰਖਾਂ ਨੇ ਹਾਜ਼ਰੀ ਲਗਾਉਣੀ ਸੀ, ਇਸ ਕਰਕੇ ਸੁਲਤਾਨਪੁਰ ਲੋਧੀ ਬਰਾਤ ਰੁਕੀ ਤੇ ਫਿਰ ਸੁਲਤਾਨਪੁਰ ਲੋਧੀ ਤੋਂ ਉਹ ਬਰਾਤ ਬਟਾਲੇ ਪਹੁੰਚੀ, ਜਿਹੜੇ ਸਤਿਕਾਰਯੋਗ ਮਾਤਾ ਜੀ ਦਾ ਜ਼ਿਕਰ ਅੱਜ ਲਿਆ ਹੈ, ਮਾਤਾ ਸੁਲੱਖਣੀ ਜੀ। ਇੱਕ ਵਾਰੀ ਪਿਆਰ ਨਾਲ ਪੜ੍ਹੋ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

*(ਅੰਗ ੪੭੩)*

ਬਰਾਤ ਬਟਾਲੇ ਵੱਲ ਗਈ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਦੀ ਬੇਟੀ ਹੈ, ਸਿਮਰਨ ਕੌਰ। ਉਨ੍ਹਾਂ ਨੇ ਬੜੀ ਪਿਆਰੀ ਗੱਲ ਲਿਖੀ, ਬਾਬਾ ਜੀ ਦੀ ਬਰਾਤ ਵਿੱਚ ਸਾਰੀਆਂ ਜਾਤਾਂ-ਪਾਤਾਂ ਵਾਲੇ ਸ਼ਾਮਲ ਸੀ। ਵੱਡੇ ਵੀ, ਅਮੀਰ ਵੀ, ਗਰੀਬ ਵੀ, ਸਾਰੀਆਂ ਜਾਤਾਂ ਵਾਲੇ। ਇਹ ਤੁਹਾਡੇ ਸੁਣਨ ਵਾਲਾ ਬਚਨ ਹੈ। ਮਹਾਰਾਜ ਜੀ ਨੇ ਉਨ੍ਹਾਂ ਰਸਮੋ-ਰਿਵਾਜਾਂ ਤੋਂ ਇਨਕਾਰ ਕਰ ਦਿੱਤਾ ਜਿਵੇਂ ਵੇਦੀ ਦੀਆਂ ਲਾਵਾਂ ਹੁੰਦੀਆਂ ਸਨ ਤੇ ਮਾਤਾ ਸੁਲੱਖਣੀ ਜੀ ਦੇ ਪਿਤਾ ਜੀ, ਮੂਲ ਚੰਦ ਜੀ ਉਨ੍ਹਾਂ ਨੇ ਮਨ ਬਣਾ ਲਿਆ, ਕਿ ਮੈਂ ਰਿਸ਼ਤਾ ਹੀ ਤੋੜ ਦੇਣਾ ਹੈ। ਸਦੀਆਂ ਤੋਂ ਰਸਮਾਂ ਚੱਲੀਆਂ ਆ ਰਹੀਆਂ ਹਨ ਤੇ ਇਹ ਕਹਿੰਦੇ ਹਨ ਕਿ ਮੈਂ ਇਸ ਤਰ੍ਹਾਂ ਵਿਆਹ ਕਰਵਾਉਣਾ ਨਹੀਂ। ਮਨ ਬਣਾ ਲਿਆ ਕਿ ਰਿਸ਼ਤਾ ਤੋੜ ਦੇਣਾ ਹੈ।

ਰਾਈਟਰਾਂ ਨੇ ਲਿਖਿਆ ਹੈ, ਉਸੇ ਇਲਾਕੇ ਦਾ ਭੰਡਾਰੀ, ਆ ਗਿਆ ਮੈਦਾਨ ਵਿੱਚ। ਉਹ ਕਹਿਣ ਲੱਗਾ, ਬਰਾਤ ਵਾਪਸ ਨਹੀਂ ਜਾਵੇਗੀ। ਮੂਲ ਚੰਦ, ਜੇ ਆਪਣੀ ਬੇਟੀ ਦਾ ਰਿਸ਼ਤਾ ਨਹੀਂ ਕਰਦਾ, ਮੇਰੀ ਬੇਟੀ ਹਾਜ਼ਰ ਹੈ। ਗੁਰੂ ਨਾਨਕ ਮਹਾਰਾਜ ਲਈ ਮੇਰੀ ਬੇਟੀ ਹਾਜ਼ਰ ਹੈ। ਮੂਲ ਚੰਦ ਜੀ ਨੇ ਸੋਚਿਆ ਕਿ ਬਹੁਤ ਬੇਇੱਜ਼ਤੀ ਹੋ ਜਾਵੇਗੀ। ਜੇਕਰ ਮੇਰੀ ਬੇਟੀ ਦੀ ਜਗ੍ਹਾ, ਇਸ ਦੀ ਬੇਟੀ ਵਿਆਹੀ ਗਈ। ਬਰਾਤ ਵਾਲਿਆਂ ਦਾ ਜਾਣਾ ਕੁਝ ਨਹੀਂ। ਕਰੀਏ ਕਿਵੇਂ? ਹੁਣ ਦਾਸ ਨੂੰ ਇਹ ਲਫਜ਼ ਬੋਲਣੇ ਪੈ ਰਹੇ ਹਨ। ਮਿੱਠੀ ਜਿਹੀ ਸਾਜ਼ਿਸ਼ ਰਚੀ। ਜਿਹੜੇ ਸਮੇਂ ਦੇ ਬ੍ਰਾਹਮਣ ਲੋਕਾਂ ਨੇ ਵੇਦਾਂ ਅਨੁਸਾਰ ਵਿਆਹ ਕਰਨਾ ਸੀ, ਉਹ ਕਹਿਣ ਲੱਗੇ ਕਿ ਕੰਧ ਡਿੱਗਣ ਵਾਲੀ ਹੈ। ਆਪਾਂ ਇਸ ਦੇ ਥੱਲੇ ਬਿਠਾ ਕੇ ਗੁਰੂ ਨਾਨਕ ਮਹਾਰਾਜ ਜੀ ਨੂੰ ਕਹਿੰਦੇ ਹਾਂ ਕਿ ਤੁਸੀਂ ਸਾਡੇ ਨਾਲ ਚਰਚਾ ਕਰੋ। ਜੇ ਚਰਚਾ ਵਿੱਚ ਜਿੱਤ ਗਏ ਤੇ ਫਿਰ ਵਿਆਹ (ਲਾਵਾਂ) ਆਪਣੇ ਢੰਗ ਨਾਲ ਕਰ ਲੈਣਾ। ਜੇ ਨਾ ਜਿੱਤੇ ਤੇ ਫਿਰ ਸਾਡੇ ਢੰਗ ਨਾਲ ਕਰੋਗੇ। ਕਹਿੰਦੇ, ਕੰਧ ਬਿਲਕੁਲ ਕੱਚੀ ਹੈ। ਚਰਚਾ ਕਰਦਿਆਂ ਇਸ ਨੂੰ ਥੋੜ੍ਹਾ ਜਿਹਾ ਧੱਕਾ ਦੇਣ ਦੀ ਲੋੜ ਹੈ। ਇਨ੍ਹਾਂ ਦੇ ਉੱਤੇ ਸੁੱਟ ਦਿਆਂਗੇ। ਹੁਣ ਤੁਸੀਂ ਆਪੇ ਸਮਝ ਲੈਣਾ। ਇੰਨੀ ਵੱਡੀ ਕੰਧ ਜਦੋਂ ਡਿੱਗੇਗੀ, ਸਾਰਾ ਮਸਲਾ ਆਪੇ ਹੀ ਹੱਲ ਹੋ ਜਾਵੇਗਾ। ਬੈਠ ਗਏ ਕੰਧ ਥੱਲੇ।

ਸਾਡੇ ਮਾਤਾ ਸੁਲੱਖਣੀ ਜੀ, ਉਨ੍ਹਾਂ ਨੇ ਇੱਕ ਮਾਈ ਹੱਥ ਸੁਨੇਹਾ ਭੇਜਿਆ, ਗੁਰੂ ਨਾਨਕ ਸਾਹਿਬ ਨੂੰ ਕਿ ਦੋ ਸਾਲ ਹੋ ਗਏ ਹਨ, ਰਿਸ਼ਤਾ ਹੋਇਆਂ ਨੂੰ, ਮੈਂ ਤੁਹਾਨੂੰ ਹੀ ਮਨ ਵਿੱਚ ਬਿਠਾ ਕੇ ਬੈਠੀ ਹਾਂ। ਮੈਂ ਆਪ ਜੀ ਦੇ ਨਾਲ ਹੀ ਵਿਆਹ ਦੇ ਕਾਰਜ ਕਰਨੇ ਹਨ। ਇਹ ਇੱਕ ਮਿੱਠੀ ਜਿਹੀ ਸਾਜ਼ਿਸ਼ ਹੈ। ਜਿਹੜੀ ਕੰਧ ਥੱਲੇ ਬਿਠਾ ਕੇ ਤੁਹਾਡੇ ਨਾਲ ਚਰਚਾ ਕਰਨ ਲੱਗੇ ਹਨ। ਇਹ ਕੰਧ ਜਾਣ-ਬੁੱਝ ਕੇ ਡੇਗਣੀ ਹੈ।

ਜਦੋਂ ਮਾਈ ਨੇ ਆ ਕੇ ਸੁਨੇਹਾ ਦਿੱਤਾ ਕਿ ਮਹਾਰਾਜ ਜੀ, ਤੁਹਾਡੇ ਨਾਲ ਸਾਜ਼ਿਸ਼ ਰਚੀ ਜਾ ਰਹੀ ਹੈ। ਕੰਧ ਕੱਚੀ ਹੈ। ਆਪ ਜੀ ਤੇ ਡਿੱਗੇਗੀ, ਆਪ ਜੀ ਇੱਥੋਂ ਉੱਠ ਪਵੋ। ਆ ਗਏ ਬਾਬਾ ਜੀ ਮੌਜ ਵਿੱਚ। ਹੈ ਤਾਂ ਜਗਤ ਦੇ ਸੁਆਮੀ ਸਨ। ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਮੁੱਖ ਵਿੱਚੋਂ ਨਿਕਲਿਆ, ਮਾਈ, ਤੈਂ ਚਿੰਤਾ ਨਾ ਕਰ। ਇਹ ਕੰਧ ਜਿਹੜੀ ਹੈ, ਇਹ ਤਾਂ ਜੁਗਾਂ-ਜੁਗਾਂ ਤੱਕ ਰਹੇਗੀ। ਵੇਖੋ ਅੱਜ ਤੱਕ ਕੰਧ ਉਸੇ ਤਰ੍ਹਾਂ ਮੌਜੂਦ ਹੈ। ਤੁਸੀਂ ਜਾਂਦੇ ਹੋ, ਗੁਰਦੁਆਰਾ ਕੰਧ ਸਾਹਿਬ, ਬਟਾਲਾ। ਅੱਜ ਵੀ ਉਸ ਸਮੇਂ ਦੀ ਯਾਦਗਾਰੀ ਕੰਧ ਸ਼ੀਸ਼ੇ ਵਿੱਚ ਸੰਭਾਲੀ ਹੋਈ ਹੈ। ਆਪ ਜੀ ਦਰਸ਼ਨ ਕਰਦੇ ਹੋ, ਪਿਆਰ ਨਾਲ। ਉਹ ਕੰਧ ਵੀ ਅੱਜ ਤੱਕ ਅੱਟਲ ਹੈ।

ਗੁਰੂ ਨਾਨਕ ਮਹਾਰਾਜ ਜੀ ਨੇ ਉੱਥੇ ਅਨੰਦ ਕਾਰਜ ਕਿਵੇਂ ਕੀਤਾ? ਜਿਹੜੇ ਉਨ੍ਹਾਂ ਦੇ ਪਹਿਲਾਂ ਰਸਮੋ-ਰਿਵਾਜ ਸੀ, ਉਹ ਸੱਤ ਫੇਰੇ ਸੀ। ਗੁਰੂ ਨਾਨਕ ਮਹਾਰਾਜ ਜੀ ਕਹਿੰਦੇ, ਅਸੀਂ ਇਸ ਤਰ੍ਹਾਂ ਅਨੰਦ ਕਾਰਜ ਕਰਨਾ ਹੈ। ਕਿਵੇਂ ਕੀਤਾ? ਕੀਰਤਨ ਅਰੰਭ ਕਰੋ। ਕੀਰਤਨ ਅਰੰਭ ਹੋ ਗਿਆ। ਸੰਗਤ ਜੁੜ ਗਈ। ਕੀਰਤਨ ਦੀਆਂ ਧੁਨੀਆਂ ਲੱਗੀਆਂ। ਹੁਣ ਕਈ ਰਾਈਟਰਾਂ ਦੀ ਆਪਣੀ-ਆਪਣੀ ਸੋਚ ਹੈ। ਇਸ ਨੂੰ ਕੋਈ ਦੂਜੇ ਪਾਸੇ ਨਾ ਖੜ੍ਹੇ।

ਜੋ ਲਿਖਿਆ ਹੈ, ਦਾਸ ਪੜ੍ਹ ਰਿਹਾ ਹੈ। ਇੱਕ ਚੌਕੀ ਤੇ ੧ਓ ਲਿਖ ਕੇ ਕੀਰਤਨ ਦੀਆਂ ਧੁਨੀਆਂ ਲੱਗੀਆਂ ਹਨ, ਉਸ ਦੁਆਲੇ ਚਾਰ ਫੇਰੇ ਲਏ। ਪਹਿਲਾਂ ਸੱਤ ਫੇਰਿਆਂ ਦਾ ਰਿਵਾਜ ਸੀ ਤੇ ਉਸ ਚੌਕੀ ਦੁਆਲੇ ਸਤਿਗੁਰੂ ਜੀ ਨੇ ਚਾਰ ਫੇਰੇ ਲਏ ਜਿਸ ਤੇ ਫਿਰ ਸਮੇਂ ਨਾਲ ਧੰਨ ਗੁਰੂ ਰਾਮਦਾਸ ਮਹਾਰਾਜ ਜੀ ਨੇ ਕਿਹੜੀ ਕਿਰਪਾ ਕਰ ਦਿੱਤੀ :

*ਸੂਹੀ ਮਹਲਾ ੪ ॥*

*ਹਰਿ ਪਹਿਲੜੀ ਲਾਵ ਪਰਵਿਰਤੀ*
*ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥*
*ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ*
*ਪਾਪ ਤਜਾਇਆ ਬਲਿ ਰਾਮ ਜੀਉ ॥*

*(ਅੰਗ ੭੭੩)*

ਧੰਨ ਗੁਰੂ ਰਾਮਦਾਸ ਜੀ ਮਹਾਰਾਜ ਨੇ ਫਿਰ ਲਾਵਾਂ ਉਚਾਰੀਆਂ। ਉਸ ਸਮੇਂ ਮੁਤਾਬਕ ਕਈ ਰਾਈਟਰਾਂ ਨੇ ਲਿਖਿਆ ਹੈ, ਚੌਕੀ ਤੇ ੧ਓ ਲਿਖ ਕੇ ਉਸ ਦੇ ਆਲੇ-ਦੁਆਲੇ ਚਾਰ ਲਾਵਾਂ ਲਈਆਂ ਤੇ ਕੀਰਤਨ ਕਥਾ ਦੇ ਦੀਵਾਨਾਂ ਦੀ ਧੁਨੀ ਲੱਗੀ। ਟਿਕਾਓ ਬਣਾਈ ਰੱਖਿਓ। ਮਾਤਾ ਜੀ ਦਾ ਕੀ-ਕੀ ਰੋਲ ਸੀ, ਥੋੜ੍ਹਾ ਜਿਹਾ ਜ਼ਿਕਰ ਇਹ ਜ਼ਰੂਰੀ ਸੀ। ਗੁਰੂ ਨਾਨਕ ਮਹਾਰਾਜ ਜੀ ਨਾਲ ਜੀਵਨ ਦੀ ਜੋ ਸਾਂਝ ਹੈ, ਸ਼ੁਰੂ ਹੋਈ ਹੈ। ਇੱਕ ਵਾਰੀ ਸਾਰੀ ਸੰਗਤ ਪੜ੍ਹੋ ਜੀ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

*(ਅੰਗ ੪੭੩)*

*ਧੰਨ ਹੈ, ਧੰਨ ਹੈ, ਧੰਨ ਹੈ, ਗੁਰੂ ਨਾਨਕ ਦੇਵ ਜੀ ਧੰਨ ਹੈ।*
*ਧੰਨ ਹੈ, ਧੰਨ ਹੈ, ਧੰਨ ਹੈ, ਗੁਰੂ ਨਾਨਕ ਦੇਵ ਜੀ ਧੰਨ ਹੈ।*
*ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥*
*ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥*
*ਧਿਆਇ ਧਿਆਇ ਭਗਤਹ ਸੁਖੁ ਪਾਇਆ ॥*
*ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ ॥੨॥*

*(ਅੰਗ ੨੮੪)*

ਕੁਝ ਸਮਾਂ ਤਲਵੰਡੀ ਰਹੇ। ਜ਼ੋਰ ਪੈ ਗਿਆ, ਕਿਰਤ ਕਰੋ। ਸੁਲਤਾਨਪੁਰ ਲੋਧੀ ਜਾਣ ਲੱਗੇ, ਰਾਇ ਭੋਇ ਦੀ ਤਲਵੰਡੀ ਤੋਂ, ਕਿਰਤ ਕਰਨ ਲਈ। ਹੁਣ ਧਿਆਨ ਦੇਣ ਵਾਲਾ ਬਚਨ ਹੈ। ਮਾਤਾ ਸੁਲੱਖਣੀ ਜੀ ਨੇ ਵੈਰਾਗ ਕੀਤਾ, ਨਾ ਜਾਓ ਪਰ ਮਹਾਰਾਜ ਜੀ ਨੇ ਕਿਹਾ, ਪਰਮੇਸ਼ਰ ਦੀਏ ਸੁਲੱਖਣੀਏ, ਜਾਣਾ ਜ਼ਰੂਰੀ ਹੈ। ਅੱਗੋਂ ਮਾਤਾ ਸੁਲੱਖਣੀ ਜੀ ਕਹਿਣ ਲੱਗੇ, ਤੁਸੀਂ ਘਰ ਬੈਠੇ ਹੁੰਦੇ ਹੋ ਤੇ ਮੈਨੂੰ ਇੰਝ ਲੱਗਦਾ ਹੈ ਕਿ ਸਾਰੇ ਜਹਾਨ ਦੀ ਪਾਤਸ਼ਾਹੀ ਮੇਰੇ ਕੋਲ ਹੈ। ਨਾ ਜਾਓ। ਗੁਰੂ ਨਾਨਕ ਸਾਹਿਬ ਕਹਿੰਦੇ, ਪਰਮੇਸ਼ਰ ਦੀਏ ਸੁਲੱਖਣੀਏ, ਚਿੰਤਾ ਨਾ ਕਰ, ਅਸੀਂ ਬਚਨ ਕਰਦੇ ਹਾਂ, ਇਹੋ ਜਿਹਾ ਸਮਾਂ ਆਵੇਗਾ, ਦਿਨ-ਬ-ਦਿਨ ਤੇਰੀ ਪਾਤਸ਼ਾਹੀ ਹੋਵੇਗੀ। ਹੁਣ ਭਾਈ ਵੀਰ ਸਿੰਘ ਜੀ ਦੀ ਆਪਣੀ ਬੋਲੀ ਹੈ। ਬੜੇ ਪਿਆਰੇ ਲਫਜ਼, ਪਾਕਿਸਤਾਨੀ ਲਫਜ਼ ਹਨ। ਜਿਹੜੇ ਪਿੱਛੋਂ ਪਾਕਿਸਤਾਨ ਦੇ ਸਨ, ਉਹ ਲਿਖਦੇ ਹਨ, ਗੁਰੂ ਸਾਹਿਬ ਜੀ ਨੇ ਅੱਗੋਂ ਜਵਾਬ ਦਿੱਤਾ, ਪਰਮੇਸ਼ਰ ਦੀਏ ਸੁਲੱਖਣੀਏ, ਹੁਣ ਤਾਂ ਮੈਂ ਸੁਲਤਾਨਪੁਰ ਲੋਧੀ ਜਾਂਦਾ ਹਾਂ।

*ਰੁਜ਼ਗਾਰ ਦੀ ਕਾਈ ਬਨਸੀ। ਤੈਨੂੰ ਵੀ ਸਦਾਇ ਲੈਸਾਂ।*

ਭਾਵ ਕਿ ਰੁਜ਼ਗਾਰ ਦੀ ਸੈਟਿੰਗ ਹੋ ਗਈ ਤੇ ਤੈਨੂੰ ਵੀ ਸੱਦ ਲਵਾਂਗੇ। ਕਹਿੰਦੇ ਜਦੋਂ ਗੁਰੂ ਨਾਨਕ ਮਹਾਰਾਜ ਜੀ ਨੇ ਸੁਲਤਾਨਪੁਰ ਲੋਧੀ ਤੇਰ੍ਹਾਂ-ਤੇਰ੍ਹਾਂ ਤੋਲਿਆ। ਕਿਰਤ ਵੀ ਸਾਨੂੰ ਸਿਖਾਈ ਕਿ ਕਿਰਤ ਵਿੱਚ ਵੀ ਸੂਮ ਨਾ ਬਣੀਂ। ਕਿਰਤ ਇੰਝ ਕਰੀਂ, ਉਸ ਨਿਰੰਕਾਰ ਦੀ ਬਖਸ਼ੀ ਦੁਕਾਨ ਤੇ ਬੈਠਾ ਹਾਂ। ਇਹ ਬੜਾ ਭਾਰਾ ਮੈਸੇਜ ਸੀ। ਇਹ ਸਾਨੂੰ ਸਿਖਾਇਆ ਹੈ, ਕਿਰਤ ਕਿਵੇਂ ਕਰਨੀ ਹੈ। ਖੇਤੀ ਕੀਤੀ, ਸਾਡੇ ਲਈ। ਖੇਤੀ ਕਿਵੇਂ ਕਰਨੀ ਹੈ? ਸਾਰਾ ਕੁਝ ਸਾਡੇ ਲਈ ਕੀਤਾ। ਕਹਿੰਦੇ ਸੁਲਤਾਨਪੁਰ ਲੋਧੀ ਜਾ ਕੇ ਗੁਰੂ ਨਾਨਕ ਮਹਾਰਾਜ ਜੀ ਨੇ ਕਿਰਤ ਸ਼ੁਰੂ ਕੀਤੀ। ਸੁਲਤਾਨਪੁਰ ਜਾ ਕੇ ਗੁਰੂ ਨਾਨਕ ਮਹਾਰਾਜ ਜੀ ਨੇ ਦੋਵੇਂ ਵੇਲੇ ਦਾ ਕੀਰਤਨ ਨਾਲ ਹੀ ਰੱਖਿਆ। ਸਤਿਸੰਗ ਵਿੱਚ ਕੀਰਤਨ ਰੱਖਿਆ ਹੈ। ਸੰਗਤ ਨਾਲ

ਰੱਖੀ ਹੈ। ਹੁਣ ਜਿੱਥੇ ਗੁਰੂ ਨਾਨਕ ਮਹਾਰਾਜ ਜੀ, ਉੱਥੇ ਰੌਣਕਾਂ। ਬੇਬੇ ਨਾਨਕੀ ਜੀ ਕਹਿੰਦੇ, ਕੀ ਕਰੀਏ? ਨਾਨਕ ਦੇ ਤਾਂ ਪ੍ਰੇਮੀ ਬੜੇ ਹਨ।

ਭਾਈ ਵੀਰ ਸਿੰਘ ਜੀ ਤੇ ਹੋਰ ਰਾਈਟਰਾਂ ਨੇ ਲਿਖਿਆ ਹੈ, ਭੈਣ ਨੇ ਵੱਖਰਾ ਮਕਾਨ ਬੜਾ ਵੱਡਾ ਬਣਾ ਦਿੱਤਾ, ਨਾਲੇ ਇੱਥੇ ਰਵੋ, ਨਾਲੇ ਸੰਗਤਾਂ ਦੋਵੇਂ ਵੇਲੇ ਸਤਿਸੰਗ ਕਰਨ। ਬਾਬਾ ਜੀ ਨੇ ਕਿਹਾ ਸੀ, ਰੁਜ਼ਗਾਰ ਦੀ ਕਾਈ ਬਨਸੀ। ਤੈਨੂੰ ਵੀ ਸਦਾਇ ਲੈਸਾਂ ਤੇ ਮਾਤਾ ਸੁਲੱਖਣੀ ਜੀ ਨੂੰ ਵੀ ਸੱਦ ਲਿਆ। ਹੁਣ ਇੱਥੇ ਤਿੰਨ ਗੱਲਾਂ ਲਿਖੀਆਂ ਹਨ। ਜਦੋਂ ਮਾਤਾ ਸੁਲੱਖਣੀ ਜੀ ਆਏ ਸੁਲਤਾਨਪੁਰ ਲੋਧੀ ਤੇ ਸਭ ਤੋਂ ਪਹਿਲੀ ਗੱਲ- ਸਵੇਰੇ-ਸ਼ਾਮ ਜਿੰਨੀਆਂ ਸੰਗਤਾਂ ਆਉਂਦੀਆਂ ਸੀ, ਸਾਧ ਸੰਗਤ ਜੀ, ਮਾਤਾ ਸੁਲੱਖਣੀ ਜੀ ਨੇ ਡਿਊਟੀ ਲੈ ਲਈ, ਉਨ੍ਹਾਂ ਸਾਰਿਆਂ ਦਾ ਲੰਗਰ ਤਿਆਰ ਕਰਨ ਦੀ। ਦੂਜੀ ਗੱਲ- ਉਸ ਵੇਲੇ ਆਪਣੇ ਪਤੀ ਦੀ ਖੁਸ਼ੀ ਵਿੱਚ ਪੂਰਾ ਯੋਗਦਾਨ ਪਾਇਆ। ਹੁਣ ਤੀਜੀ ਗੱਲ- ਕਈ ਵਾਰ ਬੰਦਾ ਲੰਗਰ ਤਿਆਰ ਕਰਦਾ ਹੈ ਤੇ ਕੀਰਤਨ ਨਹੀਂ ਸੁਣਦਾ। ਇਹ ਦਾਸ ਨੂੰ ਗੱਲ ਬੜੀ ਜਚੀ ਹੈ। ਮਾਤਾ ਸੁਲੱਖਣੀ ਜੀ ਨੇ ਇਹੋ ਜਿਹਾ ਟਾਈਮ ਟੇਬਲ ਬਣਾਇਆ ਸੀ, ਦੋਵੇਂ ਵੇਲੇ ਕੀਰਤਨ ਵਿੱਚ ਬੈਠ ਕੇ ਕੀਰਤਨ ਸੁਣਨ ਵਿੱਚ ਵੀ ਸ਼ਾਮਲ ਹੋਣਾ ਤੇ ਨਾਲ ਦੋਵੇਂ ਵੇਲੇ ਸੰਗਤਾਂ ਨੂੰ ਛਕਾਉਣ ਲਈ ਲੰਗਰ ਦਾ ਵੀ ਪ੍ਰਬੰਧ ਕਰਨਾ। ਇੱਕ ਵਾਰੀ ਸਾਰੀ ਸੰਗਤ ਕਹਿ ਦਿਓ ਜੀ :

*ਧੰਨ ਹੈ, ਧੰਨ ਹੈ, ਧੰਨ ਹੈ, ਮਾਤਾ ਸੁਲੱਖਣੀ ਜੀ ਧੰਨ ਹੈ।*
*ਧੰਨ ਹੈ, ਧੰਨ ਹੈ, ਧੰਨ ਹੈ, ਮਾਤਾ ਸੁਲੱਖਣੀ ਜੀ ਧੰਨ ਹੈ।*

ਦਾਸ ਨੇ ਕਈ ਰਾਈਟਰਾਂ ਨੂੰ ਪੜ੍ਹਿਆ ਹੈ ਤੇ ਦਾਸ ਨੂੰ ਮਾਤਾ ਸੁਲੱਖਣੀ ਜੀ ਦੇ ਜੀਵਨ ਦੇ ਚਾਰ ਬਚਨ ਮਿਲੇ ਹਨ। ਚਾਰ ਵਿਸ਼ੇਸ਼ ਗੁਣ ਕਹਿ ਲਓ, ਉਹ ਮਿਲੇ ਹਨ। ਦਾਸ ਉਹ ਸਾਂਝੇ ਕਰਨੇ ਚਾਹੁੰਦਾ ਹੈ। ਦਾਸ ਨੂੰ ਬੜੇ ਚੰਗੇ ਲੱਗੇ ਹਨ। ਪਹਿਲਾ ਬਚਨ ਲਿਖਿਆ ਹੈ, ਕਿ ਮਹਾਰਾਜ ਜੀ ਉਦਾਸੀਆਂ ਤੇ ਗਏ ਤੇ ਮਗਰ ਮਾਤਾ ਜੀ ਨੇ ਇਕੱਲੇ ਰਹਿਣਾ, ਇਹ ਵੀ ਬੜੀ ਵੱਡੀ ਭਗਤੀ ਹੈ। ਕਿੱਥੇ-ਕਿੱਥੇ ਮਹਾਰਾਜ ਜੀ ਕਿੰਨੇ-ਕਿੰਨੇ ਸਾਲ ਤਾਰਨ ਗਏ। ਪਿੱਛੇ ਬੱਚੇ ਤੇ ਮਾਤਾ ਜੀ ਇਕੱਲੇ, ਕਿੰਨੀ ਵੱਡੀ ਭਗਤੀ ਹੈ, ਮਾਤਾ ਸੁਲੱਖਣੀ ਜੀ ਦੀ। ਪਹਿਲਾ ਬਚਨ ਰਾਈਟਰਾਂ ਨੇ ਲਿਖਿਆ ਹੈ ਕਿ ਗੁਰੂ ਨਾਨਕ ਮਹਾਰਾਜ ਜੀ ਦੇ ਚਲਾਏ ਹੋਏ ਲੰਗਰ ਵਿੱਚ ਮਾਤਾ ਸੁਲੱਖਣੀ ਜੀ ਨੇ ਸਾਰਾ ਜੀਵਨ ਸੇਵਾ ਕੀਤੀ। ਦੂਸਰਾ ਬਚਨ ਲਿਖਿਆ ਹੈ, ਸਹਿਨ-ਸ਼ੀਲਤਾ, ਸਬਰ ਸੰਤੋਖ ਅਤੇ ਆਗਿਆ ਪਾਲਣ ਦੀ ਖੁਸ਼ਬੂ ਮਾਤਾ ਸੁਲੱਖਣੀ ਜੀ ਦੇ ਜੀਵਨ ਵਿੱਚੋਂ ਮਿਲਦੀ ਹੈ। ਤੀਜਾ ਬਚਨ ਲਿਖਿਆ ਹੈ, ਗੁਰੂ ਨਾਨਕ ਮਹਾਰਾਜ ਜੀ ਦੇ ਮਹਿਲ, ਮਾਤਾ ਸੁਲੱਖਣੀ ਜੀ ਨੇ ਗੁਰੂ ਨਾਨਕ ਮਹਾਰਾਜ ਜੀ ਤੋਂ ਛੇ ਸਾਲ ਬਾਅਦ ਵਿੱਚ ਚੋਲਾ ਬਦਲਿਆ ਹੈ ਤੇ ਮਾਤਾ ਸੁਲੱਖਣੀ ਜੀ ਨੇ ਅਖੀਰਲੇ ਸਵਾਸਾਂ ਤੱਕ ਗੁਰੂ ਨਾਨਕ ਮਹਾਰਾਜ ਜੀ ਦੇ ਮਿਸ਼ਨ ਵਿੱਚ ਪੂਰਾ ਯੋਗਦਾਨ ਪਾਇਆ ਹੈ।

ਹੁਣ ਸਾਰੇ ਆਪਣੇ ਅੰਦਰ ਝਾਤੀ ਪਾਉਣਾ ਕਿ ਗੁਰੂ ਨਾਨਕ ਮਹਾਰਾਜ ਜੀ ਨੇ ਜਿਹੜਾ ਮਿਸ਼ਨ ਚਲਾਇਆ ਹੈ, ਕੀ ਉਸ ਵਿੱਚ ਅਸੀਂ ਵੀ ਯੋਗਦਾਨ ਪਾ ਰਹੇ ਹਾਂ ਜਾਂ ਨਹੀਂ। ਦਾਸ ਦੀ ਗੱਲ ਤੇ ਧਿਆਨ ਦੇਣਾ। ਗੁਰੂ ਸਾਹਿਬ ਮਿਹਰ ਕਰਨ। ਜਿਹੜਾ ਗੁਰੂ ਨਾਨਕ ਮਹਾਰਾਜ ਜੀ ਨੇ ਮਿਸ਼ਨ ਚਲਾਇਆ ਹੈ, ਕੀ ਅਸੀਂ ਵੀ ਉਸ ਵਿੱਚ ਯੋਗਦਾਨ ਪਾ ਰਹੇ ਹਾਂ? ਇਹ ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਮਹਾਰਾਜ ਜੀ ਦੀ ਕਿਰਪਾ ਨਾਲ ਕਹਿ ਰਿਹਾ ਹੈ, ਜਿਹੜੀ ਬੀਬੀ, ਜਿਹੜਾ ਕੀਰਤਨੀਆ, ਕੀਰਤਨ ਦੀ ਦਾਤ ਪ੍ਰਾਪਤ ਕਰ ਚੁੱਕਾ ਹੈ, ਉਸ ਨੂੰ ਕੀਰਤਨ ਆਉਂਦਾ ਹੈ, ਦਾਸ ਮਹਾਰਾਜ ਜੀ ਦੀ ਹਜ਼ੂਰੀ ਵਿੱਚ ਬੇਨਤੀ ਕਰਦਾ ਹੈ ਕਿ ਜੇ ਉਹ ਹਫਤੇ ਵਿੱਚ ਇੱਕ ਦਿਨ ਜਾਂ ਦੋ ਦਿਨ, ਕੋਈ ਦੋ-ਦੋ, ਤਿੰਨ-ਤਿੰਨ ਘੰਟੇ ਕੱਢਦਾ ਹੈ ਤੇ ਹੋਰ ਬੱਚੇ-ਬੱਚੀਆਂ ਨੂੰ ਵੀ ਉਹ ਕੀਰਤਨ ਦੀ ਦਾਤ ਅੱਗੋਂ ਸਿਖਾਉਂਦਾ ਹੈ, ਉਹ ਮਾਤਾ ਸੁਲੱਖਣੀ ਜੀ ਵਾਂਗ ਗੁਰੂ ਨਾਨਕ ਮਹਾਰਾਜ ਜੀ ਦੇ

ਮਿਸ਼ਨ ਵਿੱਚ ਯੋਗਦਾਨ ਪਾ ਰਿਹਾ ਹੈ, ਝਾਤੀ ਪਾਉਣਾ।

ਇਹ ਜੋ ਵੀਰਵਾਰ ਦਾ ਸਤਿਸੰਗ ਹੁੰਦਾ ਹੈ। ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰ ਰਿਹਾ ਹੈ ਕਿ ਜਿਹੜੇ ਇਲਾਕੇ ਵਿੱਚੋਂ ਥ੍ਰੀ-ਵਹੀਲਰ ਤੇ ਸੰਗਤਾਂ ਲੈ ਕੇ ਆਉਂਦੇ ਹਨ। ਬੱਸ ਤੇ ਸੰਗਤਾਂ ਲੈ ਕੇ ਆਉਂਦੇ ਹਨ। ਕਾਰਾਂ ਵਿੱਚ ਸੰਗਤਾਂ ਲੈ ਕੇ ਆਉਂਦੇ ਹਨ। ਦਾਸ ਨੇ ਇਹੋ ਜਿਹੇ ਸਰੀਰ ਵੀ ਵੇਖੇ ਹਨ ਜਿਹੜੇ ਇੱਥੇ ਸਤਿਸੰਗ ਵਿੱਚ ਬੈਠੇ ਹਨ, ਥ੍ਰੀ-ਵਹੀਲਰ ਦਾ ਪਿਆਰ ਜਿਹੜਾ ਹੈ, ਹਫਤੇ ਦਾ, ਉਹ ਵੀ ਆਪਣੇ ਦਸਵੰਧ ਵਿੱਚੋਂ, ਆਪਣੀ ਕਿਰਤ ਵਿੱਚੋਂ ਦਿੰਦੇ ਹਨ। ਅੱਠ-ਦਸਾਂ ਨੂੰ ਆਪਣੇ ਇਲਾਕੇ ਵਿੱਚੋਂ ਥ੍ਰੀ-ਵਹੀਲਰ ਤੇ ਲਿਆਉਣਾ ਹੈ, ਥ੍ਰੀ-ਵਹੀਲਰ ਦਾ ਪਿਆਰ ਉਹ ਵੀ ਕੋਲੋਂ ਕਰਨਾ ਹੈ ਤੇ ਜਿਹੜਾ ਇਲਾਕੇ ਵਿੱਚੋਂ ਇਸ ਤਰ੍ਹਾਂ ਅੱਠ-ਦਸ ਸਰੀਰਾਂ ਨੂੰ ਕੁਝ ਸਾਧਨ ਕਰਕੇ ਲੈ ਕੇ ਆਉਂਦਾ ਹੈ, ਉਹ ਵੀ ਗੁਰੂ ਨਾਨਕ ਮਹਾਰਾਜ ਜੀ ਦੇ ਮਿਸ਼ਨ ਵਿੱਚ ਯੋਗਦਾਨ ਪਾ ਰਿਹਾ ਹੈ। ਜਦੋਂ ਤੁਸੀਂ ਕਿਸੇ ਕਨਵੇਂਸ ਤੇ ਸੰਗਤ ਲੈ ਕੇ ਆਉਂਦੇ ਹੋ ਤੇ ਗੁਰੂ ਨਾਨਕ ਮਹਾਰਾਜ ਜੀ ਦਾ ਕੀਰਤਨ ਸੁਣ ਕੇ ਜੁੜਦੇ ਹੋ ਤੇ ਸਮਝ ਲੈਣਾ, ਗੁਰੂ ਨਾਨਕ ਮਹਾਰਾਜ ਜੀ ਆਪਣੇ ਮਿਸ਼ਨ ਦੀ ਤੁਹਾਡੇ ਕੋਲੋਂ ਵੀ ਸੇਵਾ ਲੈ ਰਹੇ ਹਨ। ਤੁਹਾਡੇ ਕੋਲੋਂ ਵੀ ਡਿਊਟੀ ਲੈ ਰਹੇ ਹਨ। ਇਹ ਦਾਸ ਨੂੰ ਬਚਨ ਬੜਾ ਅਪੀਲ ਕੀਤਾ। ਇਸ ਨੂੰ ਫਰਜ਼ ਬਣਾਓ।

ਜੇ ਤੁਹਾਡੇ ਵਿੱਚੋਂ ਕਿਸੇ ਦੀ ਬਾਣੀ ਸ਼ੁੱਧ ਹੈ, ਉਹ ਅੱਗੋਂ ਆਪਣੇ ਇਲਾਕੇ ਦੇ ਬੱਚਿਆਂ ਨੂੰ ਬਾਣੀ ਸ਼ੁੱਧ ਕਰਵਾਉਂਦਾ ਹੈ ਤੇ ਮਹਾਰਾਜ ਜੀ ਦੇ ਮਿਸ਼ਨ ਵਿੱਚ ਉਹ ਵੀ ਯੋਗਦਾਨ ਪਾ ਰਿਹਾ ਹੈ। ਸਾਡੇ ਮਾਤਾ ਜੀ ਨੇ ਅਖੀਰਲੇ ਸਵਾਸਾਂ ਤੱਕ ਗੁਰੂ ਨਾਨਕ ਮਹਾਰਾਜ ਜੀ ਦੇ ਮਿਸ਼ਨ ਵਿੱਚ ਯੋਗਦਾਨ ਪਾਇਆ ਹੈ, ਬਾਬਾ ਜੀ ਬਾਹਰ ਜਾਂਦੇ ਸੀ, ਉਦਾਸੀਆਂ ਤੇ, ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਬਾਬਾ ਜੀ ਕਹਿੰਦੇ, ਪਰਮੇਸ਼ਰ ਦੀਏ ਸੁਲੱਖਣੀਏ, ਜਿੰਨੇ ਬੂਟੇ ਤਿਆਰ ਕੀਤੇ ਹਨ, ਮੈਂ ਅੱਗੇ ਜਾ ਰਿਹਾ ਹਾਂ, ਇਨ੍ਹਾਂ ਨੂੰ ਜੋੜੀ ਰੱਖੀਂ, ਕਿਸੇ ਰੂਪ ਵਿੱਚ ਹੀ।

ਹੁਣ ਸਿੰਘ ਸਾਹਿਬ ਹਨ, ਗਿਆਨੀ ਰਵੇਲ ਸਿੰਘ ਜੀ, ਰੋਜ਼ ਰਾਤੀਂ ਸਾਢੇ ਅੱਠ ਤੋਂ ਦਸ ਵਜੇ ਤੱਕ ਕੋਈ ਰੁਝੇਵਾਂ ਨਹੀਂ ਰੱਖਦੇ। ਗੁਰਦੁਆਰਾ ਬਿਬੇਕਸਰ ਸਾਹਿਬ ਅੰਮ੍ਰਿਤਸਰ ਵਿਖੇ ਉੱਥੇ ਗੁਰਬਾਣੀ ਸ਼ੁੱਧ ਕਰਵਾਉਂਦੇ ਹਨ। ਕਿੰਨੇ ਹੀ ਵਿਦਿਆਰਥੀ ਜਾਂਦੇ ਹਨ ਕਿਉਂਕਿ ਅਸਥਾਨ ਵੀ ਛੇਵੇਂ ਪਾਤਸ਼ਾਹ ਜੀ ਦਾ ਹੈ। ਮਹਾਰਾਜ ਜੀ ਦਾ ਬਚਨ ਵੀ ਹੈ, ਇੱਥੇ ਮਲੀਨ ਬੁੱਧੀ ਬਿਬੇਕ ਹੋਵੇਗੀ। ਉਨ੍ਹਾਂ ਨੇ ਅਸਥਾਨ ਵੀ ਉਹ ਚੁਣਿਆ ਹੈ। ਕਈ ਵਾਰ ਅਸੀਂ ਅੱਠ-ਸਾਢੇ ਅੱਠ ਦਰਸ਼ਨ ਕਰਨ ਜਾਂਦੇ ਹਾਂ ਤੇ ਕਿੰਨੀਆਂ ਹੀ ਸੈਂਚੀਆਂ ਲੱਗੀਆਂ ਹੁੰਦੀਆਂ ਹਨ। ਸੰਥਿਆ ਹੋ ਰਹੀ ਹੁੰਦੀ ਹੈ। ਇਹ ਕੀ ਹੈ? ਜਿਹੜਾ ਵੀ ਇਹ ਡਿਊਟੀ ਨਿਭਾਉਂਦਾ ਹੈ, ਹੋਰਾਂ ਦੀ ਬਾਣੀ ਸ਼ੁੱਧ ਕਰਵਾਉਣ ਦੀ, ਉਹ ਗੁਰੂ ਨਾਨਕ ਮਹਾਰਾਜ ਦੇ ਮਿਸ਼ਨ ਵਿੱਚ ਯੋਗਦਾਨ ਪਾ ਰਿਹਾ ਹੈ। ਉਹ ਵੀ ਘਰ ਮੰਜੇ ਤੇ ਅਰਾਮ ਕਰ ਸਕਦੇ ਹਨ, ਉਹ ਵੀ ਚਾਹਨ, ਹੋਰ ਰੁਝੇਵੇਂ ਪਾ ਸਕਦੇ ਹਨ ਪਰ ਆਪਣੇ ਜੀਵਨ ਵਿੱਚੋਂ ਰੋਜ਼ ਦੋ-ਢਾਈ ਘੰਟੇ ਦੇਣੇ, ਇਹ ਵੀ ਇੰਝ ਹੈ, ਗੁਰੂ ਨਾਨਕ ਮਹਾਰਾਜ ਜੀ ਦਾ ਜਿਹੜਾ ਮਿਸ਼ਨ ਸੀ, ਉਸ ਵਿੱਚ ਸਾਧ ਸੰਗਤ ਜੀ, ਯੋਗਦਾਨ ਪਾਉਣਾ। ਹੁਣ ਇੱਥੋਂ ਸਾਰੀ ਸੰਗਤ ਸਪਿਰਿਟ ਲੈਣਾ। ਕਿਹੜੀ ਸਪਿਰਿਟ? ਅਸੀਂ ਆਪਣਾ ਢਾਈ ਘੰਟੇ ਨੇਮ ਤਾਂ ਕਰਾਂਗੇ ਹੀ ਕਰਾਂਗੇ ਪਰ ਵਾਹਿਗੁਰੂ ਜੀ ਨੇ ਜੋ ਗੁਣ ਦਿੱਤਾ ਹੈ, ਉਸ ਨੂੰ ਗੁਰੂ ਨਾਨਕ ਮਹਾਰਾਜ ਜੀ ਦਾ ਮਿਸ਼ਨ ਸਮਝ ਕੇ ਜਿੱਥੇ-ਜਿੱਥੇ ਵੀ ਕੋਈ ਟੁੱਟਾ ਹੋਵੇਗਾ, ਉਸ ਨੂੰ ਜੋੜਨ ਦਾ ਯਤਨ ਕਰਾਂਗੇ।

ਦਾਸ ਦੀ ਗੱਲ ਸਮਝਣਾ। ਕਈ ਸ਼ਹਿਰਾਂ ਵਿੱਚ ਪ੍ਰੇਮੀ ਹਨ। ਮਹੀਨੇ ਵਿੱਚ ਇੱਕ ਦਿਨ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦੇ ਦਰ ਤੇ ਬੱਸ ਲੈ ਕੇ ਆਉਂਦੇ ਹਨ। ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ

ਕਰਦਾ ਹੈ, ਅਗਰ ਕਿਸੇ ਇਲਾਕੇ ਵਿੱਚੋਂ ਦੋ ਬੱਸਾਂ ਲਿਆ ਰਹੇ ਹਨ, ਮਹੀਨੇ ਵਿੱਚ ਇੱਕ ਦਿਨ ਉਨ੍ਹਾਂ ਨੂੰ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦੇ ਦਰ ਦੇ ਸਾਰੀ ਦਿਹਾੜੀ ਦਰਸ਼ਨ ਕਰਵਾਉਣੇ ਹਨ, ਨਾਮ ਜਪਾਉਣਾ ਹੈ, ਉੱਥੇ ਤਿੰਨ-ਚਾਰ ਘੰਟੇ ਕੀਰਤਨ ਸੁਣਵਾਉਣਾ ਹੈ ਤੇ ਫਿਰ ਵਾਪਸ ਛੱਡ ਕੇ ਆਉਣਾ ਹੈ। ਅਗਰ ਉਨ੍ਹਾਂ ਨੂੰ ਹਉਮੈ ਨਾ ਆਵੇ, ਮਨ ਨੀਵਾਂ ਰਵ੍ਹੇ ਤਾਂ ਉਹ ਵੀ ਗੁਰੂ ਨਾਨਕ ਮਹਾਰਾਜ ਜੀ ਦੇ ਮਿਸ਼ਨ ਨੂੰ ਅੱਗੇ ਵਧਾ ਰਹੇ ਹਨ ਕਿਉਂਕਿ ਕੱਚੇ ਗੁਰੂਆਂ ਦੀਆਂ ਲਾਈਨਾਂ ਲੱਗੀਆਂ ਹਨ ਪਰ ਗੁਰੂ ਨਾਨਕ ਸਾਹਿਬ ਦੇ ਪਿਆਰ ਵਾਲੇ ਸੱਚੇ ਗੁਰੂ ਨਾਲ ਜੋੜ ਰਹੇ ਹਨ। ਕਿਸੇ ਰੂਪ ਵਿੱਚ ਵੀ ਇਸ ਮਿਸ਼ਨ ਵਿੱਚ ਸਾਰੇ ਯੋਗਦਾਨ ਪਾਓ।

ਹੁਣ ਜਿਹੜੀ 550 ਸਾਲ ਗੁਰੂ ਨਾਨਕ ਜੀ ਦੀ ਬਾਣੀ ਨਾਲ ਸੱਤਵੀਂ ਲਹਿਰ ਚੱਲ ਰਹੀ ਹੈ, ਸੰਗਤ ਜੀ, ਤਕਰੀਬਨ ਹਰ ਛੇ ਮਹੀਨੇ ਬਾਅਦ ਅਰਦਾਸ ਹੁੰਦੀ ਹੈ। ਹੁਣ ਤੁਹਾਡੇ ਵਿੱਚੋਂ ਜਿਹੜਾ ਆਪਣੇ ਗੁਆਂਢੀ ਨੂੰ, ਰਿਸ਼ਤੇਦਾਰ ਨੂੰ ਆਲੇ-ਦੁਆਲੇ ਵਿੱਚੋਂ ਪ੍ਰੇਰਨਾ ਦਿੰਦਾ ਹੈ ਕਿ ਇਹ ਲਹਿਰ ਚੱਲ ਰਹੀ ਹੈ, ਆਪ ਜੀ ਕਿੰਨੇ ਜਪੁਜੀ ਸਾਹਿਬ ਦੇ ਪਾਠਾਂ ਦੀ ਹਾਜ਼ਰੀ ਲਗਾਓਗੇ, ਸਹਿਜ ਪਾਠ ਕਿੰਨੇ ਕਰੋਗੇ, ਕਿੰਨਾ ਗੁਰਮੰਤਰ ਜਾਪ ਕਰੋਗੇ, ਫਿਰ ਜਿਵੇਂ ਤੁਸੀਂ 50 ਫੋਨ ਕਰਦੇ ਹੋ, 100 ਫੋਨ ਕਰਦੇ ਹੋ, ਉਸ ਦਾ ਖਰਚਾ ਵੀ ਆਉਂਦਾ ਹੈ, ਫੋਨ ਕਰਨ ਲੱਗਿਆਂ ਦੋ ਘੰਟੇ ਲੱਗਦੇ ਵੀ ਹਨ, ਉਸ ਤੋਂ ਬਾਅਦ ਜਦੋਂ ਪੁੱਛਦੇ ਹੋ ਕਿ ਤੁਸੀਂ ਕਿੰਨੇ ਪਾਠਾਂ ਦੀ ਹਾਜ਼ਰੀ ਲਗਾਈ ਹੈ? ਦੋ ਘੰਟੇ ਫਿਰ ਲੱਗਦੇ ਹਨ, ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰਦਾ ਹੈ, ਤੁਹਾਡੇ ਇਸ ਉਦਮ ਸਦਕਾ, ਗੁਰੂ ਨਾਨਕ ਮਹਾਰਾਜ ਦਾ ਮਿਸ਼ਨ ਅੱਗੇ ਵੱਧ ਰਿਹਾ ਹੈ।

ਸਿਵਲ ਲਾਈਨ ਏਰੀਏ ਦੀ ਬੀਬੀ, ਉਸ ਨੇ ਦਾਸ ਨੂੰ ਦੱਸਿਆ, ਕਹਿਣ ਲੱਗੀ, ਇੱਕ ਦੋਧੀ ਸਾਡੇ ਘਰ ਦੁੱਧ ਪਾਉਣ ਆਉਂਦਾ ਹੈ ਤੇ ਉਸ ਬੀਬੀ ਨੇ ਉਸ ਨੂੰ ਵੀ ਪੁੱਛ ਲਿਆ, ਕਿ ਇਸ ਤਰ੍ਹਾਂ ਜਪੁਜੀ ਸਾਹਿਬ ਦੇ ਪਾਠ ਵੰਡੇ ਜਾ ਰਹੇ ਹਨ ਤੇ ਸੰਗਤਾਂ ਹਾਜ਼ਰੀ ਲਗਾ ਰਹੀਆਂ ਹਨ, ਫਲਾਣੀ ਲਹਿਰ ਦੀ, ਗੁਰੂ ਸਾਹਿਬ ਦੀ ਖੁਸ਼ੀ ਲੈਣ ਲਈ। ਅੱਗੋਂ ਦੋਧੀ, ਉਸ ਦੇ ਮੁੱਖ ਵਿੱਚੋਂ ਨਿਕਲਿਆ, ਭੈਣ ਜੀ, ਜਪੁਜੀ ਸਾਹਿਬ ਤਾਂ ਮੈਂ ਕਦੀ ਪੜ੍ਹੀ ਹੀ ਨਹੀਂ। ਉਹ ਸਿੱਖ ਸੀ। ਬੀਬੀ ਕਹਿਣ ਲੱਗੀ, ਤੂੰ ਕਦੀ ਪਾਠ ਨਹੀਂ ਕੀਤਾ। ਉਹ ਅੱਗੋਂ ਕਹਿਣ ਲੱਗਾ, ਸਾਨੂੰ ਤਾਂ ਇੰਨਾ ਹੀ ਪਤਾ ਹੈ, ਮੱਝਾਂ ਚੋਈਆਂ, ਦੁੱਧ ਵੇਚਿਆ, ਦਿਨ ਬਿਤਾ ਦਿੱਤਾ। ਫਿਰ ਉਸ ਨੂੰ ਅੰਦਰ ਬਿਠਾ ਕੇ ਪਾਠ ਸੁਣਾਇਆ। ਉਸ ਨੂੰ ਥੋੜ੍ਹਾ ਜਿਹਾ ਸ਼ੁੱਧ ਕਰਵਾਇਆ, ਪੜ੍ਹਨਾ ਸਿਖਾਇਆ ਤੇ ਉਸ ਨੂੰ ਆਖਿਆ, ਇੱਕ ਪਾਠ ਜਪੁਜੀ ਸਾਹਿਬ ਤੂੰ ਵੀ ਰੋਜ਼ ਹਾਜ਼ਰੀ ਲਗਾਇਆ ਕਰ। ਦੋ-ਤਿੰਨ ਦਿਨ ਬਾਅਦ ਉਹ ਦੋਧੀ ਕੀ ਕਹਿੰਦਾ ਹੈ ਕਿ ਮੈਂ ਤਾਂ ਪੰਜ ਪਾਠ ਜਪੁਜੀ ਸਾਹਿਬ ਦੇ ਬੜੇ ਅਰਾਮ ਨਾਲ ਰੋਜ਼ ਹਾਜ਼ਰੀ ਲਗਾ ਲੈਂਦਾ ਹਾਂ। ਮੇਰੇ ਪੰਜ ਪਾਠ ਰੋਜ਼ ਦੇ ਲਿਖ ਲਓ। ਹੁਣ ਤੁਸੀਂ ਦੱਸੋ ਕਿ ਕੀ ਇਹ ਗੁਰੂ ਨਾਨਕ ਮਹਾਰਾਜ ਜੀ ਦੇ ਮਿਸ਼ਨ ਵਿੱਚ ਯੋਗਦਾਨ ਨਹੀਂ? ਇੱਕ ਦੁੱਧ ਵੇਚਣ ਵਾਲਾ, ਤੁਸੀਂ ਮਾਇਆ ਦੇਣੀ ਤੇ ਦੁੱਧ ਖਰੀਦ ਲਿਆ ਹੋਰ ਕੋਈ ਮਤਲਬ ਨਹੀਂ ਪਰ ਮਾੜਾ ਜਿਹਾ ਤਰਸ ਆ ਗਿਆ ਕਿ ਇਹ ਵੀ ਜਪੁਜੀ ਸਾਹਿਬ ਨਾਲ ਜੁੜ ਜਾਵੇ ਤੇ ਤੁਸੀਂ ਚੰਦ ਮਿੰਟ ਦੇ ਕੇ ਉਸ ਦਾ ਪੰਜ ਪਾਠ ਜਪੁਜੀ ਸਾਹਿਬ ਰੋਜ਼ ਦਾ ਨੇਮ ਬਣਾ ਦਿੱਤਾ ਹੈ, ਕੀ ਤੁਹਾਡੇ ਤੇ ਗੁਰੂ ਨਾਨਕ ਮਹਾਰਾਜ ਜੀ ਖੁਸ਼ ਨਹੀਂ ਹੋਣਗੇ ਕਿ ਜਿਹੜਾ ਮਿਸ਼ਨ ਅਸੀਂ ਚਲਾਇਆ ਹੈ, ਸਿੱਖ ਉਸ ਵਿੱਚ ਯੋਗਦਾਨ ਪਾ ਰਹੇ ਹਨ।

ਇਸ ਤਰ੍ਹਾਂ ਮਾਤਾ ਸੁਲੱਖਣੀ ਜੀ ਨੇ ਅਖੀਰਲੇ ਸਵਾਸਾਂ ਤੱਕ ਗੁਰੂ ਨਾਨਕ ਮਹਾਰਾਜ ਜੀ ਦੇ ਮਿਸ਼ਨ ਵਿੱਚ ਪੂਰਾ ਯੋਗਦਾਨ ਪਾਇਆ, ਦਾਸ ਸਟੇਜ ਤੋਂ ਕਹਿੰਦਿਆਂ ਝਿਜਕੇਗਾ ਨਹੀਂ, ਅੱਜ ਧਰਤੀ ਤੇ ਉਹ ਵੀ ਸਰੀਰ ਹਨ ਜਿਹੜੇ ਗੁਰੂ ਨਾਨਕ ਮਹਾਰਾਜ ਜੀ ਦੇ ਮਿਸ਼ਨ ਵਿੱਚ ਯੋਗਦਾਨ ਪਾਉਣਾ ਇੱਕ ਪਾਸੇ, ਗੁਰੂ ਨਾਨਕ ਮਹਾਰਾਜ ਜੀ ਦੇ ਮਿਸ਼ਨ ਵਿੱਚ ਰੋੜੇ ਅਟਕਾਉਂਦੇ ਹਨ, ਜਿਵੇਂ ਮਾਲਾ ਹੀ ਫੜ੍ਹ ਲਓ। ਦਾਸ ਨੇ ਨਿੱਕੀ ਜਿਹੀ ਬਰੀਕ ਮਣਕਿਆਂ ਵਾਲੀ ਮਾਲਾ ਰੱਖੀ ਹੋਈ ਹੈ

ਕਿ ਆਪਣਾ ਕੰਮ ਵੀ ਚੱਲੀ ਜਾਵੇ, ਇਹ ਇੱਕ ਗੁਰੂ ਯਾਦ ਦਾ ਜ਼ਰੀਆ ਵੀ ਬਣਿਆ ਰਵ੍ਹੇ। ਹੁਣ ਜਿਹੜੇ ਇੰਝ ਕਹਿ ਦੇਣ ਕਿ ਮਾਲਾ ਫੜ੍ਹਨ ਦੀ ਕੀ ਲੋੜ ਹੈ ਤੇ ਕਈ ਜੁੜਿਆਂ ਨੂੰ ਵੀ ਤੋੜ ਦੇਣ ਤੇ ਸਮਝ ਲੈਣਾ, ਉਹ ਗੁਰੂ ਨਾਨਕ ਮਹਾਰਾਜ ਜੀ ਦੇ ਮਿਸ਼ਨ ਵਿੱਚ ਰੋੜਾ ਅਟਕਾ ਰਹੇ ਹਨ। ਬਾਬਾ ਨੰਦ ਸਿੰਘ ਜੀ ਦਾ ਸਵਾਸ-ਸਵਾਸ ਸਿਮਰਨ ਚਲਦਾ ਸੀ। ਉਨ੍ਹਾਂ ਮਾਲਾ ਕਿਉਂ ਫੜ੍ਹੀ ਸੀ? ਦੂਜਿਆਂ ਨੂੰ ਦੱਸਣ ਲਈ ਕਿ ਨਾਮ ਨਾਲ ਜੁੜਨਾ ਹੈ। ਕਿੰਨੀ ਸੰਗਤ ਕਰੋੜਾਂ ਦੇ ਹਿਸਾਬ ਨਾਲ ਵਾਹਿਗੁਰੂ-ਵਾਹਿਗੁਰੂ ਜਾਪ ਕਰ ਰਹੀ ਹੈ, ਕਈ ਕਹਿ ਦਿੰਦੇ ਹਨ, ਗਿਣਤੀ ਦੀ ਕੀ ਲੋੜ ਹੈ। ਦਾਸ ਬੇਨਤੀ ਕਰਦਾ ਹੈ, ਤੁਸੀਂ ਗੁਰੂ ਨਾਨਕ ਮਹਾਰਾਜ ਜੀ ਦੇ ਮਿਸ਼ਨ ਵਿੱਚ ਯੋਗਦਾਨ ਪਾਉਣ ਵਾਲੇ ਨਹੀਂ, ਰੋੜਾ ਅਟਕਾਉਣ ਵਾਲੇ ਹੋ। ਅੱਜ ਜਪੁਜੀ ਸਾਹਿਬ ਪੜ੍ਹਦਿਆਂ ਕਹਿੰਦੇ ਹਾਂ ਕਿ ਪੰਜਵੀਂ ਪਉੜੀ ਆਈ ਹੈ, ਸੱਤਵੀਂ ਪਉੜੀ, ਗਿਆਰ੍ਹਵੀਂ ਪਉੜੀ, ਕੀ ਇਹ ਗਿਣਤੀ ਨਹੀਂ। ਗੋਇੰਦਵਾਲ ਸਾਹਿਬ 84 ਪਾਠ ਜਪੁਜੀ ਸਾਹਿਬ, 84 ਇਸ਼ਨਾਨ ਸ਼ਰਧਾ ਨਾਲ ਕਰ ਲੈ, ਤੇਰੀ 84 ਕੱਟੀ ਜਾਵੇਗੀ, ਕੀ ਇਹ ਗਿਣਤੀ ਨਹੀਂ। ਸਿੱਖ ਅੰਮ੍ਰਿਤ ਛਕਦਾ ਹੈ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਮਰਿਆਦਾ ਚਲਾਈ, ਪੰਜ ਬਾਣੀਆਂ ਪੜ੍ਹਨੀਆਂ ਹਨ, ਕੀ ਇਹ ਗਿਣਤੀ ਨਹੀਂ। ਅਸੀਂ ਉਨ੍ਹਾਂ ਦੀ ਗਿਣਤੀ ਵਿੱਚ ਆਉਣਾ ਹੈ ਕਿ ਗੁਰੂ ਨਾਨਕ ਮਹਾਰਾਜ ਜੀ ਚਲਾਏ ਹੋਏ ਮਿਸ਼ਨ ਵਿੱਚ ਯੋਗਦਾਨ ਪਾ ਸਕੀਏ। ਜਿਵੇਂ ਮਾਤਾ ਸੁਲੱਖਣੀ ਜੀ ਨੇ ਅਖੀਰਲੇ ਸਵਾਸਾਂ ਤੱਕ ਗੁਰੂ ਨਾਨਕ ਮਹਾਰਾਜ ਜੀ ਦੇ ਮਿਸ਼ਨ ਵਿੱਚ ਯੋਗਦਾਨ ਪਾਇਆ, ਉਨ੍ਹਾਂ ਦੀ ਕ੍ਰਿਪਾ ਨਾਲ। 1539 ਵਿੱਚ ਬਾਬਾ ਜੀ ਨੇ ਚੋਲਾ ਤਿਆਗਿਆ ਹੈ ਤੇ 1545 ਵਿੱਚ ਮਾਤਾ ਸੁਲੱਖਣੀ ਜੀ ਨੇ ਛੇ ਸਾਲ ਬਾਅਦ ਚੋਲਾ ਤਿਆਗਿਆ। ਗੁਰੂ ਨਾਨਕ ਮਹਾਰਾਜ ਜੀ ਦੇ ਮਿਸ਼ਨ ਨੂੰ ਅਖੀਰਲੇ ਸਵਾਸਾਂ ਤੱਕ ਤੋਰਦੇ ਰਹੇ।

ਇੱਕ ਵੱਡੀ ਗੱਲ ਹੈ, ਬੀਬੀਆਂ ਧਿਆਨ ਨਾਲ ਸੁਣਨਾ, ਇੱਕ ਵਾਰੀ ਮਾਤਾ ਸੁਲੱਖਣੀ ਜੀ ਦੇ ਮਨ 'ਚ ਆ ਗਿਆ ਤੇ ਬੇਨਤੀ ਕੀਤੀ ਕਿ ਪੁੱਤਰਾਂ ਨੂੰ ਗੱਦੀ ਦਿਓ ਤੇ ਜਦੋਂ ਮਹਾਰਾਜ ਜੀ ਨੇ ਸਾਰੀ ਪਰਖ ਕੀਤੀ ਤੇ ਪਰਖ ਵਿੱਚ ਪਾਸ ਹੋਏ ਭਾਈ ਲਹਿਣਾ ਜੀ। ਗੁਰੂ ਨਾਨਕ ਮਹਾਰਾਜ ਜੀ ਕਹਿੰਦੇ, ਪਰਮੇਸ਼ਰ ਦੀਏ ਸੁਲੱਖਣੀਏ, ਹੁਣ ਪਰਖ ਮੁਤਾਬਿਕ ਤੁਸੀਂ ਦੱਸੋ, ਗੱਦੀ ਦਾ ਹੱਕਦਾਰ ਕੌਣ ਹੈ? ਸੰਗਤ ਜੀ ਹੈਰਾਨ ਰਹਿ ਜਾਓਗੇ, ਮਾਤਾ ਸੁਲੱਖਣੀ ਜੀ ਇਸ ਸੁਭਾਅ ਦੇ ਮਾਤਾ ਜੀ ਸਨ, ਕਹਿੰਦੇ ਸੀ, ਗੁਰੂ ਨਾਨਕ ਮਹਾਰਾਜ ਜੀ, ਆਪ ਜੀ ਦੇ ਮਿਸ਼ਨ ਮੁਤਾਬਿਕ ਵਾਕਿਆ ਹੀ ਭਾਈ ਲਹਿਣਾ ਜੀ, ਉਨ੍ਹਾਂ ਦੇ ਵਿੱਚ ਉਹ ਸਾਰੇ ਗੁਣ ਹਨ ਜਿਹੜੇ ਤੁਹਾਡੀ ਚਲਾਈ ਹੋਈ ਸਿੱਖੀ ਦੀ ਸੰਭਾਲ ਕਰ ਸਕਦੇ ਹਨ। ਰੋੜਾ ਨਹੀਂ ਬਣੇ। ਇੱਕ ਹੁੰਦਾ ਹੈ, ਪੁੱਤਰਾਂ ਦੇ ਮੋਹ ਵਿੱਚ ਆ ਕੇ ਰੋੜਾ ਬਣ ਜਾਣਾ ਪਰ ਧੰਨ ਹਨ ਮਾਤਾ ਸੁਲੱਖਣੀ ਜੀ ਪੁੱਤਰਾਂ ਦੇ ਮੋਹ ਵਿੱਚ ਰੋੜਾ ਨਹੀਂ ਬਣੇ। ਇਹ ਸਨ ਮਾਤਾ ਸੁਲੱਖਣੀ ਜੀ ਦੇ ਜੀਵਨ ਦੀਆਂ ਕੁਝ ਝਲਕਾਂ ਜਿਨ੍ਹਾਂ ਦੀ ਆਪ ਜੀ ਨੇ ਪਿਆਰ ਨਾਲ ਸੇਵਾ ਲਈ ਹੈ। 550 ਸਾਲਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਤੇ ਸਭ ਸੰਗਤਾਂ ਨੂੰ ਵਧਾਈਆਂ ਜੀ। ਇਹ ਪੰਕਤੀਆਂ ਪੜ੍ਹੀਏ ਤੇ ਫਿਰ ਸਮਾਪਤੀ ਹੈ :

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*

*(ਅੰਗ ੪੭੩)*

ਇਸ ਵਿਸ਼ੇਸ਼ ਅੰਕ ਵਿੱਚ ਆਪ ਜੀ ਨੇ "ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ" ਧੰਨ ਧੰਨ ਮਾਤਾ ਸੁਲੱਖਣੀ ਜੀ, ਜਿਨ੍ਹਾਂ ਨੂੰ ਧੰਨ ਗੁਰੂ ਨਾਨਕ ਸਾਹਿਬ ਪਰਮੇਸ਼ਰ ਦੀਏ ਸੁਲੱਖਣੀਏ ਕਹਿ ਕੇ ਬੁਲਾਉਂਦੇ ਸਨ, ਉਨ੍ਹਾਂ ਦੇ ਜੀਵਨ ਵਿੱਚੋਂ ਕੁਝ ਅੰਸ਼ਾਂ ਦੀ ਸੇਵਾ ਲਈ ਹੈ। ਅਗਲੇ ਐਡੀਸ਼ਨ ਵਿੱਚ ਅੱਠਵੇਂ ਭਾਗ ਧੰਨ ਧੰਨ ਬੀਬੀ ਰਾਮੋ ਜੀ ਦੇ ਜੀਵਨ ਬਾਰੇ ਸਤਿਗੁਰੂ ਜੀ ਵਿਚਾਰਾਂ ਸਾਂਝੀਆਂ ਕਰਵਾਉਣ ਜੀ।

ਧੰਨ ਸ੍ਰੀਮਾਨ ਸੰਤ ਬਾਬਾ ਸੁਜਾਨ ਸਿੰਘ ਜੀ ਦੁਆਰਾ ਦਿੱਤੇ ਪ੍ਰੋਗਰਾਮ ਦਾ ਉਤਾਰਾ

# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

*—ਉਤਾਰਾ ਕਰਤਾ: ਗੁਰਿੰਦਰ ਸਿੰਘ ਪਟਿਆਲਾ*

*ਕਤਕ ਪੂਰਨਮਾਸ ਸ੍ਰੀ ਗੁਰ ਨਾਨਕ ਜਨਮ ਲੀਆ।*
*ਕੁਲ ਬੇਦੀਅਨ ਦੇ ਧਾਮ ਸਭਨ ਮਿਲ ਮੰਗਲਚਾਰ ਕੀਆ।*
*ਦੇਵਨ ਮਿਲ ਫੂਲਨ ਬਰਖਾਈ ਭਇਓ ਜਗਤ ਜੈਕਾਰ।*
*ਪ੍ਰਗਟਿਓ ਸੰਤਨ ਸੁਖਦਾਈ ਕੁਲਾਹਰ ਨਰ ਨਾਰੀ ਕੀ ਯਾਦ।*
*ਕਲ ਤਾਰਨ ਨਿਰੰਕਾਰ ਗੁਰ ਨਾਨਕ ਅਵਤਾਰ ਲੀਆ।*

ਕੱਤਕ ਦੀ ਪੂਰਨਮਾਸ਼ੀ। ਸੰਮਤ 1526 ਕੱਤਕ ਪੁੰਨਿਆ ਸੋਹਣੀ ਫੱਬੀ। 1526 ਸੰਮਤ ਸੀ ਜਿਸ ਕੱਤਕ ਦੀ ਪੁੰਨਿਆ ਨੂੰ ਧੰਨ ਗੁਰੂ ਨਾਨਕ ਸੱਚੇ ਪਾਤਸ਼ਾਹ ਪ੍ਰਗਟ ਹੋਏ।

*ਧਰਤੀ ਆ ਗਊ ਰੂਪ ਮੇਂ ਰੋ ਰੋ ਕਰੇ ਪੁਕਾਰ।*
*ਦੀਨਾ ਨਾਥ ਰਖਿਆ ਕਰੋ ਕਰਤੀ ਤੁਝ ਕੋ ਯਾਦ।*

ਧਰਤੀ ਨੇ ਪੁਕਾਰ ਕੀਤੀ, ਨਿਰੰਕਾਰ, ਮੈਂ ਗਰਕ ਚੱਲੀ ਹਾਂ। ਮੇਰੀ ਰੱਖਿਆ ਕਰੋ। ਮੇਰੇ ਉੱਤੇ ਬੜਾ ਬੋਝ ਹੈ। ਮੈਂ ਇਤਨਾ ਬੋਝ ਚੁੱਕ ਨਹੀਂ ਸਕਦੀ। ਇੰਨਾ ਬੋਝ ਚੁੱਕਣਾ ਮੇਰੇ ਵਾਸਤੇ ਨਾਮੁਮਕਿਨ ਹੈ। ਪੁੱਛਿਆ, ਤੇਰੇ ਤੇ ਕਾਹਦਾ ਬੋਝ ਹੈ? ਪਹਾੜਾਂ ਦਾ ਬੋਝ ਹੈ ਜਿਨ੍ਹਾਂ ਦੀਆਂ ਚੋਟੀਆਂ ਅਕਾਸ਼ ਨਾਲ ਲੱਗੀਆਂ ਹਨ। ਆਖਿਆ, ਨਹੀਂ।

*ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ।*
*(ਵਾਰ: ੩੫, ਪਉੜੀ ੮)*

ਅਸਮਾਨਾਂ ਨਾਲ ਚੋਟੀਆਂ ਜਿਨ੍ਹਾਂ ਪਰਬਤਾਂ ਦੀਆਂ ਖਹਿੰਦੀਆਂ ਹਨ, ਉਨ੍ਹਾਂ ਦਾ ਮੇਰੇ ਉੱਤੇ ਕੋਈ ਭਾਰ ਨਹੀਂ। ਤਾਂ ਫਿਰ ਤੇਰੇ ਉੱਤੇ ਨਦੀਆਂ, ਨਾਲਿਆਂ ਦਾ ਬੋਝ ਹੈ? ਅਸਗਾਹ ਪਾਣੀ ਜਿਹੜਾ ਦਿਨ-ਰਾਤ ਪਿਆ ਵਗਦਾ ਹੈ। ਆਖਿਆ :

*ਨਾ ਤਿਸੁ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ।*
*ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ।*
*(ਵਾਰ: ੩੫, ਪਉੜੀ ੮)*

ਇਨ੍ਹਾਂ ਦਾ ਵੀ ਕੋਈ ਬੋਝ ਨਹੀਂ। ਤਾਂ ਫਿਰ ਤੇਰੇ ਉੱਤੇ ਬਨਸਪਤੀ ਦਾ ਬੋਝ ਹੈ? ਆ ਦਰੱਖਤਾਂ, ਝਾੜ-ਬੂਟਿਆਂ ਦਾ। ਆਖਿਆ ਜੀ ਨਹੀਂ। ਇਹ ਤਾਂ ਮੇਰੀ ਸੋਭਾ ਹਨ। ਇਨ੍ਹਾਂ ਨਾਲ ਤਾਂ ਮੈਂ ਸੁਭਾਏਮਾਨ ਹਾਂ। ਇਨ੍ਹਾਂ ਦਾ ਕੋਈ ਬੋਝ ਨਹੀਂ।

*ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ।*
*(ਵਾਰ: ੩੫, ਪਉੜੀ ੮)*

ਤਾਂ ਫਿਰ ਤੇਰੇ ਉੱਤੇ ਬੰਦਿਆਂ ਦਾ ਬੋਝ ਹੈ? ਬੰਦੇ ਜ਼ਿਆਦਾ ਹੋ ਗਏ ਹਨ। ਆਖਿਆ, ਜੀ ਨਹੀਂ।

*ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ।*
*(ਵਾਰ: ੩੫, ਪਉੜੀ ੮)*

ਤਾਂ ਫਿਰ ਤੇਰੇ ਉੱਤੇ ਬੋਝ ਹੈ ਕਾਹਦਾ? ਤਾਂ ਫਿਰ ਧਰਤੀ ਨੇ ਆਖਿਆ :

*ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ।*
*(ਵਾਰ: ੩੫, ਪਉੜੀ ੮)*

ਮੇਰੇ ਉੱਤੇ ਬੋਝ ਹੋ ਗਿਆ ਹੈ, ਅਕ੍ਰਿਤਘਣਾਂ ਦਾ। ਨਾ ਸ਼ੁਕਰਿਆਂ ਦਾ, ਜੋ ਤੇਰੀਆਂ ਦਾਤਾਂ ਨੂੰ ਪਾ ਕੇ ਵੀ ਤੇਰਾ ਸ਼ੁਕਰ ਨਹੀਂ ਗੁਜ਼ਾਰਦੇ।

*ਖਾਇ ਖਾਇ ਕਰੇ ਬਦਫੈਲੀ*

*ਜਾਣੁ ਵਿਸੁ ਕੀ ਵਾੜੀ ਜੀਉ ॥੨॥*

*(ਅੰਗ ੧੦੫)*

ਉਹ ਬੰਦੇ ਜਿੱਥੇ ਪੈਰ ਰੱਖਦੇ ਹਨ, ਮੇਰੀ ਥਾਂ ਸੜ ਜਾਂਦੀ ਹੈ।

*ਅਕ੍ਰਿਤਘਣ ਕੀ ਹਸਤੀ ਸੇ ਪੀਪਲ ਸੁਕਿਓ ਐਨ।*
*ਰਾਜ ਨਸ਼ਟ ਕੰਨਿਆ ਕਲੰਕ ਅਤਿ ਕੁਲਖਣ ਵੈਣ।*

ਅਕ੍ਰਿਤਘਣ ਕੀ ਹੁੰਦਾ ਹੈ? ਜੋ ਕੀਤੀ ਨੂੰ ਨਾ ਜਾਣੇ। ਨਾ ਸ਼ੁਕਰਾ ਬੰਦਾ। ਨਾਸ਼ੁਕਰਾ ਬੰਦਾ ਜਿੱਥੇ ਵੀ ਹੋਵੇਗਾ, ਕੋਈ ਨਾ ਕੋਈ ਉਪੱਦਰ ਹੋਵੇਗਾ। ਕੋਈ ਨਾ ਕੋਈ ਭੈੜ ਹੋਵੇਗਾ। ਸੋ, ਧਰਤੀ ਨੇ ਆਖਿਆ, ਹੇ ਵਾਹਿਗੁਰੂ, ਤੇਰੇ ਜਿਹੜੇ ਨਾਸ਼ੁਕਰੇ ਬੰਦੇ ਮੇਰੇ ਉੱਤੇ ਆ ਗਏ ਹਨ, ਜਿੱਥੇ-ਜਿੱਥੇ ਪੈਰ ਰੱਖਦੇ ਹਨ, ਮੇਰਾ ਕਲੇਜਾ ਸਾੜੀ ਜਾਂਦੇ ਹਨ, ਇਨ੍ਹਾਂ ਨੂੰ ਉਠਾ ਲੈ। ਵਾਹਿਗੁਰੂ ਜੀ ਨੇ ਆਖਿਆ, ਮੈਂ ਇਨ੍ਹਾਂ ਨੂੰ ਮਾਰਦਾ ਨਹੀਂ। ਮੈਂ ਰੂਪ ਵਟਾ ਕੇ ਆਵਾਂਗਾ, ਇਨ੍ਹਾਂ ਨੂੰ ਸਮਝਾਵਾਂਗਾ। ਇਨ੍ਹਾਂ ਨੂੰ ਮੁੜ ਬੰਦੇ ਬਣਾਵਾਂਗਾ। ਫਿਰ ਇਹ ਜਪਣਗੇ, ਸ੍ਰੀ ਵਾਹਿਗੁਰੂ। ਫਿਰ ਇਨ੍ਹਾਂ ਦੇ ਪੈਰ੍ਹਾਂ ਦੀ ਛੋਹ ਨਾਲ ਤੇਰਾ ਕਲੇਜਾ ਨਹੀਂ ਸੜ੍ਹੇਗਾ ਬਲਕਿ ਇਨ੍ਹਾਂ ਦੀ ਛੋਹ ਨਾਲ ਥਾਵਾਂ ਹਰੀਆਂ-ਭਰੀਆਂ ਹੋਣਗੀਆਂ।

ਕੱਤਕ ਪੂਰਨਮਾਸ਼ੀ ਦੇ ਸੁਭਾਗ ਦਿਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਸੱਚੇ ਪਾਤਸ਼ਾਹ ਤਲਵੰਡੀ ਵਿੱਚ ਪ੍ਰਗਟੇ, ਜਿਨ੍ਹਾਂ ਦਾ ਜੀਵਨ 12 ਮਹੀਨੇ ਪਰਥਾਏ ਕਿਸੇ ਪਿਆਰ ਵਾਲੇ ਨੇ ਕਿਤਨਾ ਸੁਖੈਨ ਥੋੜ੍ਹੇ ਅੱਖਰਾਂ ਵਿੱਚ ਔਰ ਬਹੁਤ ਕੁਝ ਵਿਸਥਾਰ ਨਾਲ ਕੀਤਾ ਹੈ।

*ਕਤਕ ਪੂਰਨਮਾਸ ਸ੍ਰੀ ਗੁਰ ਨਾਨਕ ਜਨਮ ਲੀਆ।*
*ਕੁਲ ਬੇਦੀਅਨ ਦੇ ਧਾਮ ਸਭਨ ਮਿਲ ਮੰਗਲਚਾਰ ਕੀਆ।*
*ਦੇਵਨ ਮਿਲ ਫੂਲਨ ਬਰਖਾਈ ਭਇਓ ਜਗਤ ਜੈਕਾਰ।*
*ਪ੍ਰਗਟਿਓ ਸੰਤਨ ਸੁਖਦਾਈ ਕੁਲਾਹਰ ਨਰ ਨਾਰੀ ਕੀ ਯਾਦ।*
*ਮਘਰ ਮਹਿਤਾ ਕਾਲੂ ਜੀ ਗ੍ਰਿਹਿ ਪੰਡਤ ਕੇ ਆਏ।*

ਇਹ ਹਰਦਿਆਲ ਪੰਡਤ ਵੀ ਧੰਨ ਹੈ ਜਿਨ੍ਹਾਂ ਨੇ ਧੰਨ ਗੁਰੂ ਨਾਨਕ ਦੇਵ ਜੀ ਨੂੰ ਕੁਝ ਪਛਾਣਿਆ ਤੇ ਪਿਤਾ ਮਹਿਤਾ ਕਾਲੂ ਜੀ ਨੂੰ ਆਖਿਆ, ਵਧਾਈਆਂ। ਐਸਾ ਲਾਲ ਅੱਜ ਤਾਂਈਂ ਕਿਸੇ ਦੇ ਘਰ ਨਹੀਂ ਹੋਇਆ। ਇਹ ਤੇਰੇ ਹੀ ਭਾਗ ਸਨ, ਕੋਈ ਤੇਰੀ ਤਪੱਸਿਆ ਕੀਤੀ ਹੈ, ਪਿਛਲੇ ਜਨਮ ਦੀ ਜਿਸ ਨੂੰ ਫਲ ਲੱਗਾ ਹੈ ਕਿਉਂਕਿ

*ਤੇਰੇ ਗ੍ਰਿਹਿ ਹਰਿ ਜੀ ਆਪ ਆਏ।*

ਕਹਿਣ ਲੱਗੇ, ਇਹ ਬਾਲਕ, ਇਹ ਕੁੱਲਾਂ ਹੀ ਨਹੀਂ ਤਾਰੇਗਾ, ਸਾਰੇ ਸੰਸਾਰ ਨੂੰ ਤਾਰੇਗਾ। ਜਿਸ ਕਿਸੇ ਨੂੰ ਇਸ ਦੀ ਛੋਹ ਲੱਗੇਗੀ, ਜੋ ਇਸ ਦੇ ਮੱਥੇ ਲੱਗੇਗਾ, ਉਹ ਤਰ ਜਾਵੇਗਾ।

ਰਾਗੀ ਭਾਈ ਹੀਰਾ ਸਿੰਘ ਜੀ ਕੀਰਤਨ ਕਰ ਰਹੇ ਸਨ ਤੇ ਸ਼ਾਹਪੁਰ ਤੇ ਭਾਈ ਸਾਹਿਬ ਰਾਮ ਕਿਸ਼ਨ ਜੀ ਬ੍ਰਹਮ ਗਿਆਨੀ, ਪ੍ਰਾਪਤੀ ਵਾਲੇ, ਹਰ ਵੇਲੇ ਟੱਲੀਆਂ ਵਜਾ ਕੇ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ ਦੀ ਧੁਨ ਲਗਾਈ ਰੱਖਦੇ ਸਨ ਤੇ ਇੰਝ ਜਿਨ੍ਹਾਂ ਨੇ ਗੁਰੂ ਨਾਨਕ ਮਹਾਰਾਜ ਦੇ ਚਰਨ ਪ੍ਰਾਪਤ ਕੀਤੇ, ਉਹ ਕੀਰਤਨ ਸਰਵਣ ਕਰ ਰਹੇ ਸਨ। ਭਾਈ ਹੀਰਾ ਸਿੰਘ ਜੀ ਨੇ ਜਿਸ ਵੇਲੇ ਇਹ ਪ੍ਰਸੰਗ ਕੀਤਾ ਕਿ ਮਹਿਤਾ ਕਾਲੂ ਜੀ ਨੇ ਬਾਂਹ ਉਲਾਰੀ ਤੇ ਚਪੇੜ ਮਾਰੀ ਤੇ ਵਿੱਚ ਬੈਠੇ ਸਨ ਭਾਈ ਰਾਮ ਕਿਸ਼ਨ ਸਾਹਿਬ। ਚਿਲਾ ਉਠੇ। ਕਹਿਣ ਲੱਗੇ, ਕਾਲੂ ਜੀ, ਮੈਨੂੰ ਮਾਰ ਲਓ। ਮੇਰੇ ਗੁਰੂ ਨਾਨਕ ਮਹਾਰਾਜ ਜੀ ਨੂੰ ਨਾ ਮਾਰੋ। ਮੇਰੇ ਮੂੰਹ ਤੇ ਮਾਰ ਲਓ। ਆਪਣਾ ਹੱਥ ਉਲਾਰ੍ਹ ਕੇ ਇੱਕ ਸੱਜੇ, ਇੱਕ ਖੱਬੇ ਦੋ ਚਪੇੜਾਂ ਜੜ ਦਿੱਤੀਆਂ ਤੇ ਆਖਿਆ, ਕਾਲੂ ਜੀ, ਇੱਥੇ ਮਾਰ ਲਓ ਪਰ ਮੇਰੇ ਗੁਰੂ ਨਾਨਕ ਮਹਾਰਾਜ ਜੀ ਨੂੰ ਕੁਝ ਨਾ ਕਹਿਣਾ। ਗੁਰੂ ਨਾਨਕ ਮਹਾਰਾਜ ਜੀ ਵੱਲ ਤਾਂ ਉਂਗਲੀ ਕਰਨੀ ਵੀ ਪਾਪ ਹੈ। ਗੁਰੂ ਨਾਨਕ ਮਹਾਰਾਜ ਜੀ ਵੱਲ ਜਦ ਤੱਕੀਏ, ਸਿਰ ਝੁਕ ਜਾਏ। ਕਿਉਂਕਿ

*ਯਹੀ ਹੈ ਬੰਦਗੀ ਅਪਨੀ, ਯਹੀ ਹੈ ਜ਼ਿੰਦਗੀ ਅਪਨੀ।*

*ਜਾਇ ਮਿਲਿਓ ਪਿਤਾ ਦੇ ਗਾੜੀ*

*ਦੁਏਂ ਚਪੇੜ ਸੱਜੇ ਖੱਬੇ ਗੁਰੂ ਨਾਨਕ ਕੇ ਦੇ ਮਾਰੀ।*

ਇਹ ਖਬਰ ਰਾਇ ਬੁਲਾਰ ਜੀ ਨੇ ਸੁਣੀ ਕਿ ਗੁਰੂ ਨਾਨਕ ਮਹਾਰਾਜ ਜੀ ਦੇ ਮੁੱਖ ਤੇ ਪਿਤਾ ਕਾਲੂ ਜੀ ਨੇ ਚਪੇੜਾਂ ਮਾਰੀਆਂ। ਰਾਇ ਬੁਲਾਰ ਇੰਝ ਚੀਖ ਉਠਿਆ ਜਿਵੇਂ ਰਾਇ ਦੇ ਮੂੰਹ ਤੇ ਚਪੇੜਾਂ ਪਈਆਂ ਹੋਣ। ਮਹਿਤਾ ਕਾਲੂ ਜੀ ਨੂੰ ਸੱਦਿਆ। ਕਹਿਣ ਲੱਗੇ, ਕਾਲੂ ਜੀ,

ਕਹਿਰ ਕੀਤਾ ਈ। ਰੱਬ ਦੇ ਨੂਰ ਤੇ ਚਪੇੜਾਂ ਉਲ੍ਹਾਰੀਆਂ। ਉਲ੍ਹਾਰੀਆਂ ਨਹੀਂ ਮਾਰੀਆਂ। ਕਾਲੂ ਜੀ, ਸਮਾਂ ਆਉਣ ਤੇ ਤੁਸੀਂ ਗੁਰੂ ਨਾਨਕ ਮਹਾਰਾਜ ਨੂੰ ਪਛਾਣੋਗੇ। ਗੁਰੂ ਨਾਨਕ ਮਹਾਰਾਜ ਜੀ ਜਦੋਂ ਉਦਾਸੀਆਂ ਤੇ ਚੱਲੇ ਤੇ ਇੰਝ ਪਿਤਾ ਕਾਲੂ ਜੀ ਦੀ ਜ਼ਿੰਦਗੀ ਵਿੱਚ ਸਾਹਿਬ 12 ਵਰ੍ਹਿਆਂ ਦਾ ਵਿਛੋੜਾ ਦੇ ਕੇ ਚਲੇ ਗਏ। ਵਿਛੜਿਆਂ ਨੂੰ 12 ਸਾਲ ਹੋ ਚਲੇ ਹਨ। ਰਾਇ ਜੀ ਨੇ ਰੋ ਕੇ ਆਖਿਆ, ਮਹਿਤਿਆਂ, ਮੈਨੂੰ ਉਸ ਵਣ ਕੋਲ ਲੈ ਚੱਲ ਜਿਸ ਵਣ ਦੇ ਥੱਲੇ ਮੇਰੀ ਗੁਰੂ ਨਾਨਕ ਮਹਾਰਾਜ ਜੀ ਦੇ ਚਰਨਾਂ ਨਾਲ ਗੰਢ ਪਈ ਸੀ। ਰਾਇ ਬੁਲਾਰ ਜੀ ਨੂੰ ਉਹ ਸਮਾਂ ਯਾਦ ਆ ਗਿਆ ਜਦੋਂ ਗੁਰੂ ਸਾਹਿਬ ਮੱਝੀਆਂ ਚਾਰਦੇ ਵਣ ਦੇ ਥੱਲੇ ਜਾ ਕੇ ਸੁੱਤੇ। ਘੋੜੀ ਤੇ ਚੜ੍ਹਿਆ ਰਾਇ ਬੁਲਾਰ। ਦੂਰੋਂ ਕੀ ਤੱਕਿਆ। ਇੱਕ ਬਾਲਕ ਵਣ ਥੱਲੇ ਸੁੱਤਾ ਹੈ ਔਰ ਸੱਪ ਸਿਰਹਾਣੇ ਬੈਠਾ ਝੂਲ ਰਿਹਾ ਹੈ। ਨੌਕਰ ਨੂੰ ਆਖਿਆ, ਭੱਜ ਕੇ ਵੇਖ। ਕਿਸ ਮਾਂ ਦਾ ਲਾਲ ਹੈ। ਕਿਸ ਘਰ ਦਾ ਚਿਰਾਗ ਮੌਤ ਨੇ ਬੁਝਾ ਦਿੱਤਾ ਹੈ। ਜਦ ਨੌਕਰ ਵੇਖ ਕੇ ਆਇਆ ਤੇ ਮੂੰਹੋਂ ਗੱਲ ਨਾ ਨਿਕਲੀ। ਰਾਇ ਜੀ, ਕਹਿਰ ਹੋ ਗਿਆ। ਰਾਇ ਨੇ ਆਖਿਆ, ਉਹ ਬਾਲਕ ਕੌਣ ਹੈ ਤੇ ਨੌਕਰ ਨੇ ਆਖਿਆ, ਤੁਹਾਡੇ ਪਟਵਾਰੀ ਦਾ ਪੁੱਤਰ ਨਾਨਕ। ਕੀ ਨਾਨਕ, ਅਜੇ ਤਾਂ ਮਾਤਾ ਤ੍ਰਿਪਤਾ ਜੀ ਨੇ ਨਾਨਕ ਦੀਆਂ ਸੁੱਖਣਾ ਹੀ ਨਹੀਂ ਦਿੱਤੀਆਂ। ਨਾਨਕੀ ਨੇ ਅਜੇ ਰੱਜ ਕੇ ਲਾਡ ਹੀ ਨਹੀਂ ਲਡਾਏ, ਨਾਨਕ ਨੂੰ। ਮੌਤ ਬੜੀ ਬੇਦਰਦ ਹੈ। ਮੌਤ ਬੜੀ ਜ਼ਾਲਮ ਹੈ।

*ਇਕਨਾ ਦੇ ਘਰ ਪੁੱਤਰ ਅੱਗੇ ਪੋਤਰੇ,*
*ਇਕਨਾ ਦੇ ਘਰ ਧੀਆਂ, ਧੀਆਂ ਘਰ ਦੋਹਤਰੇ।*
*ਇਕਨਾ ਦੇ ਘਰ ਇਕ ਤੇ ਉਹ ਵੀ ਜਾਵੇ ਮਰ*
*ਵਜੀਦਾ ਕੌਣ ਸਾਹਿਬ ਨੂੰ ਆਖੇ,*
*ਇੰਝ ਨਹੀਂ ਤੇ ਇੰਝ ਕਰ।*

ਡਾਹਢੇ ਨੂੰ ਕੌਣ ਆਖੇ। ਕੁਦਰਤ ਨੇ ਸਾਡੇ ਤੇ ਬੋਝ ਪਾਇਆ ਹੈ। ਇਸ ਬੱਚੇ ਦੀ ਲਾਸ਼ ਚੁੱਕ ਲੈ ਤੇ ਲੈ ਚਲੋ ਇਸ ਦੀ ਮਾਤਾ ਦੇ ਪਾਸ ਪਰ ਜਿਸ ਵੇਲੇ ਮਾਂ ਕੀਰਨੇ ਕਰੇਗੀ, ਕੰਧ ਨਾਲ ਸਿਰ ਟਕਰਾਏਗੀ, ਉਸ ਵੇਲੇ ਪੱਥਰ ਵੀ ਢੱਲ ਜਾਣਗੇ। ਅਸੀਂ ਕਿਵੇਂ ਕੋਲ ਖਲੋ ਕੇ ਤੱਕਾਂਗੇ। ਇਨ੍ਹਾਂ ਸੋਚਾਂ ਵਿੱਚ ਰਾਏ ਜੀ ਜਿਸ ਵੇਲੇ ਨੇੜੇ ਆਏ, ਸੱਪ ਨੇ ਆਪਣਾ ਫਨ ਸਮੇਟਿਆ ਤੇ ਦੂਰ ਜਾ ਬੈਠਾ। ਰਾਏ ਬੁਲਾਰ ਘੋੜੀ ਤੋਂ ਉਤਰੇ ਤੇ ਜਿਸ ਵੇਲੇ ਨੇੜੇ ਗਏ ਤੇ ਧੰਨ ਗੁਰੂ ਨਾਨਕ ਪਾਤਸ਼ਾਹ ਜੀ ਦੇ ਨੈਣ ਜਾ ਖੁੱਲ੍ਹੇ। ਬੱਸ ਨੈਣ ਖੁੱਲ੍ਹੇ ਕਿ ਉਹ ਰਾਏ ਬੁਲਾਰ ਤੇ ਡੁੱਲ੍ਹੇ। ਮਿਹਰਾਂ ਦਾ ਮੀਂਹ ਸੀ ਜਿਹੜਾ ਉਨ੍ਹਾਂ ਨੈਣਾਂ ਵਿੱਚੋਂ ਵਸਿਆ, ਸਾਰਾ ਹੀ ਰਾਏ ਉੱਤੇ। ਰਾਏ ਜੀ ਨੂੰ ਜਾਪਿਆ ਕਿ ਜਿਸ ਅਣਡਿੱਠ ਰੱਬ ਅੱਗੇ ਮੈਂ ਨਮਾਜ਼ਾਂ ਪੜ੍ਹਦਾ ਰਿਹਾ, ਲਹਿੰਦੇ ਨੂੰ ਮੂੰਹ ਕਰ-ਕਰ, ਮੈਂ ਕੀ ਜਾਣਾ, ਉਹ ਤਾਂ ਮੇਰੀ ਨਗਰੀ ਨੂੰ ਹੀ ਭਾਗ ਲਗਾ ਰਿਹਾ ਹੈ। ਬੱਸ ਉਮੜਿਆ ਫਿਰ ਪਰ ਸਾਹਿਬ ਨੇ ਹੱਥਾਂ ਤੇ ਸਿਰ ਬੋਚ ਲਿਆ।

*ਰਾਏ, ਤੁਇ ਸਾਹਿਬ ਚਿਤ ਆਵੈ।*
*ਜਨਮ ਮਰਨ ਕਾ ਸੰਸਾ*
*ਤੇਰਾ ਸਭ ਹੀ ਮਿਟ ਜਾਵੈ।*

ਉੱਥੇ ਗੰਢ ਪਈ ਸੀ ਰਾਏ ਬੁਲਾਰ ਦੀ, ਅੱਜ 12 ਸਾਲ ਹੋ ਗਏ ਹਨ ਵਿਛੜਿਆਂ। ਆਖਿਆ, ਉਸ ਵਣ ਥੱਲੇ ਮੈਨੂੰ ਲੈ ਚਲੋ ਕਿਉਂਕਿ ਉਹ ਵਣ ਦੇ ਪੱਤੇ ਮੇਰੇ ਗਵਾਹ ਹਨ। ਉਸ ਵਣ ਕੋਲ ਜਿਸ ਵੇਲੇ ਮੈਂ ਜਾਂਦਾ ਹਾਂ ਵਣ ਦੇ ਪੱਤੇ ਬਾਬਾ ਨਾਨਕ ਜੀ ਦੀਆਂ ਸ਼ਕਲਾਂ ਬਣ-ਬਣ ਮੈਨੂੰ ਦਿੱਸਦੇ ਹਨ। ਨੌਕਰ ਨੇ ਚੌਂਕੀ ਚੁੱਕ ਲਈ। ਰਾਇ ਬੁਲਾਰ ਸੋਟੀ ਦੇ ਸਹਾਰੇ ਤੁਰਦਾ-ਤੁਰਦਾ ਉਸ ਵਣ ਥੱਲੇ ਆਣ ਬੈਠਾ। ਤੇ ਫਿਰ ਰਾਏ ਨੇ ਆਖਿਆ, ਕਾਲੂ ਜੀ ਨੂੰ ਸੱਦ ਲਿਆਓ। ਰਲ ਕੇ ਕੀਰਨੇ ਕਰੀਏ। ਜਿਸ ਵੇਲੇ ਕਾਲੂ ਜੀ ਆਏ, ਰਾਏ ਨੇ ਆਖਿਆ, ਕੋਈ ਗੁਰੂ ਨਾਨਕ ਮਹਾਰਾਜ ਜੀ ਦੀ ਸੁੱਧ ਬੁੱਧ ਤਾਂ ਪਿਤਾ ਕਾਲੂ ਜੀ ਦੀਆਂ ਭੁੱਬਾਂ ਨਿਕਲ ਗਈਆਂ। ਰਾਏ ਜੀ, ਮੈਂ ਕੀ ਦੱਸਾਂ? ਮੈਂ ਕੀ ਸੁਣਾਵਾਂ? ਮੈਂ ਤਾਂ ਉਹ ਹੀ ਹਾਂ ਜਿਸ ਨੇ ਵੀਹ ਰੁਪਈਆਂ ਬਦਲੇ ਤਾੜ-ਤਾੜ ਚਪੇੜਾਂ ਮੂੰਹ ਤੇ ਮਾਰੀਆਂ।

ਤੁਸੀਂ ਆਖਿਆ ਸੀ ਇੱਕ ਦਿਨ, ਤੂੰ ਰੋਏਂਗਾ, ਪਛਤਾਏਂਗਾ। ਠੀਕ ਰਾਏ ਜੀ, ਹੁਣ ਮੈਂ ਰੋਟੀ ਨਹੀਂ ਖਾ

ਸਕਦਾ। ਜਿਸ ਵੇਲੇ ਬੁਰਕੀ ਤੋੜ ਕੇ ਮੂੰਹ ਤੱਕ ਲਿਆਂਦਾ ਹਾਂ ਤਾਂ ਨਿਗ੍ਹਾ ਮੇਰੀ ਇਨ੍ਹਾਂ ਹੱਥਾਂ ਤੇ ਜਾ ਪੈਂਦੀ ਹੈ। ਨਿਗ੍ਹਾ ਮੇਰੀ ਉਂਗਲੀਆਂ ਦੇਖਦੀ ਹੈ ਤੇ ਬੁਰਕੀ ਮੇਰੇ ਹੱਥੋਂ ਡਿੱਗ ਪੈਂਦੀ ਹੈ। ਇਹ ਉਹੀ ਹੱਥ ਹੈ ਜੋ ਨਾਨਕ ਜੀ ਦੇ ਸੋਹਣੇ ਮੁੱਖ ਤੇ ਉਲਰਿਆ ਸੀ। ਇਹ ਉਹੀ ਉਂਗਲਾਂ ਹਨ ਜੋ ਨਾਨਕ ਦੀ ਗਲ ਵਿੱਚ ਖੁੱਭੀਆਂ ਸਨ। ਰਾਏ ਜੀ, ਮੈਂ ਉਸ ਵੇਲੇ ਆਖਦਾ ਹਾਂ ਮੇਰੀਆਂ ਇਹ ਬਾਹਵਾਂ ਸੁੱਕ ਕਿਉਂ ਨਾ ਗਈਆਂ। ਸੁੱਕੀ ਲੱਕੜ ਕਿਉਂ ਨਾ ਹੋ ਗਈਆਂ ਕਿ ਮੈਂ ਇੰਨੀ ਬੇਅਦਬੀ ਕੀਤੀ। ਇੰਨੀ ਨਿਰਾਦਰੀ ਕੀਤੀ ਸਿਰਫ ਵੀਹ ਰੁਪਈਆਂ ਬਦਲੇ। ਹੁਣ ਮੈਂ ਆਖਦਾ ਹਾਂ, ਮੇਰਾ ਸਾਰਾ ਧਨ ਕੋਈ ਲੈ ਲਵੇ। ਮੈਨੂੰ ਇੱਕ ਵਾਰੀ ਨਾਨਕ ਮਿਲਾ ਦੇਵੇ। ਸਾਵਣ ਤੋਂ ਬਾਅਦ ਅੱਸੂ ਮਹੀਨਾ ਚੜ੍ਹਿਆ। ਭਾਦੋਂ ਆਇਆ।

*ਭਾਦਉ ਭਏ ਉਦਾਸ ਚਲੇ ਗ੍ਰਿਹਿ ਲਾਲੋ ਕੇ ਆਏ।*

ਘਰੋਂ ਉਦਾਸੀ ਧਾਰ ਕੇ ਗੁਰੂ ਨਾਨਕ ਮਹਾਰਾਜ ਤੁਰੇ ਤੇ ਪੁੱਜੇ ਕਿੱਥੇ? ਭਾਈ ਲਾਲੋ ਦੇ ਘਰ। ਚੱਲ ਮਰਦਾਨਿਆ, ਭਗਤੀ ਦਾ ਦਰਸ਼ਨ ਕਰੀਏ। ਚੱਲ ਮਰਦਾਨਿਆ, ਧਰਮ ਦੀ ਕਿਰਤ ਦਾ ਦਰਸ਼ਨ ਕਰੀਏ। ਭਾਈ ਲਾਲੋ ਧਰਮ ਦੀ ਕਿਰਤ ਕਰਨ ਵਾਲਾ ਹੈ। ਇੱਕ ਦੋ ਪੈਸਿਆਂ ਦੀ ਨਿੱਤ ਦੀ ਕਾਰ ਹੈ, ਇਸ ਦੀ। ਉਸੇ ਵਿਚ ਗੁਜ਼ਰਾਨ ਕਰਦਾ ਹੈ ਤੇ ਬਾਕੀ ਸਮਾਂ ਜਪਦਾ ਹੈ, ਸ੍ਰੀ ਵਾਹਿਗੁਰੂ। ਇਹ ਵੀ ਪਿਛਲੇ ਜਨਮ ਦਾ ਰਿਖੀ ਹੈ। ਇਹ ਵੀ ਮਨੁੱਖਾ ਜਨਮ ਧਾਰ ਕੇ ਆਇਆ ਹੈ, ਤੇਰੇ ਦਰਸ਼ਨ ਕਰਨ ਵਾਸਤੇ। ਅੱਜ ਜਿਵੇਂ ਤੁਹਾਡੇ ਵਿੱਚ ਕਈ ਪਿਛਲੇ ਜਨਮ ਦੇ ਤਪੱਸਵੀ ਹੋਣਗੇ ਜੋ ਇਸ ਵਾਸਤੇ ਮਨੁੱਖ ਬਣ ਕੇ ਆਣ ਬੈਠੇ ਹਨ ਕਿ ਤੇਰੀਆਂ ਸਿਫਤਾਂ ਸੁਣਾਂਗੇ। ਤੇਰਾ ਕੀਰਤਨ ਸੁਣਾਂਗੇ। ਤੇਰੀ ਸੰਗਤ ਵਿੱਚ ਹਾਜ਼ਰੀ ਦਿਆਂਗੇ। ਸੰਗਤ ਨਾਲ ਗੰਢ ਐਵੇਂ ਤਾਂ ਨਹੀਂ ਪੈਂਦੀ। ਇਹ ਜਿਨ੍ਹਾਂ ਦੇ ਜਦ ਤੱਕ ਪਿਛਲੇ ਜਨਮਾਂ ਦੇ ਸੰਸਕਾਰ ਨਾ ਹੋਵਣ, ਪਿਛਲੇ ਜਨਮ ਦੀ ਕਮਾਈ ਨਾ ਹੋਵੇ, ਸੰਗਤ ਦੀ ਇਹ ਘੜੀ ਇੰਨੀ ਵੱਡੀ ਦਾਤ ਮੁਫਤ ਝੋਲੀ ਨਹੀਂ ਪੈ ਜਾਂਦੀ।

ਬਾਬਾ ਨਾਨਕ ਜੀ ਨੇ ਆਖਿਆ, ਭਾਈ ਲਾਲੋ ਦੇ ਘਰ ਚੱਲ ਰਹੇ ਹਾਂ। ਉਹ ਸ਼ਹਿਰ ਵੇਖ। ਐਮਨਾਬਾਦ ਦੇ ਮੁਨਾਰੇ ਨਜ਼ਰ ਆ ਰਹੇ ਹਨ। ਬੱਸ ਉਹੀ ਸਾਡੀ ਮੰਜ਼ਿਲ ਹੈ। ਉੱਥੇ ਹੀ ਰਹਿੰਦਾ ਹੈ ਭਾਈ ਲਾਲੋ। ਚੱਲ ਤੈਨੂੰ ਉੱਥੇ ਭਗਤ ਦਾ ਪ੍ਰਸ਼ਾਦ ਛਕਾਵਾਂਗੇ। ਜਦ ਭਾਈ ਲਾਲੋ ਜੀ ਦਾ ਬੂਹਾ ਖੜਕਾਇਆ :

*ਭਾਦਉ ਭਏ ਉਦਾਸ ਚਲੇ ਗ੍ਰਿਹਿ ਲਾਲੋ ਕੇ ਆਏ।*
*ਸੁਣ ਨਾਨਕ ਕਾ ਨਾਮ ਲਾਲੋ ਜੀ ਅਗੇ ਉਠ ਧਾਏ।*

ਅਵਾਜ਼ ਦਿੱਤੀ, ਲਾਲੋ ਪਿਆਰਿਆ, ਬੂਹਾ ਖੋਲ੍ਹ। ਜਦੋਂ ਭਾਈ ਲਾਲੋ ਜੀ ਨੇ ਬੂਹਾ ਖੋਲ੍ਹਿਆ ਤੇ ਕੀ ਦੇਖਦੇ ਹਨ ਚੌਦਵੀਂ ਦਾ ਚੰਦਰਮਾ ਪ੍ਰਕਾਸ਼ ਕਰ ਰਿਹਾ ਹੈ। ਭਾਈ ਲਾਲੋ ਜੀ ਨੇ ਗੁਰੂ ਜੀ ਦੇ ਚਰਨਾਂ ਤੇ ਸਿਰ ਧਰਿਆ। ਅੰਦਰ ਲੈ ਗਿਆ। ਸੋਚਿਆ ਕਿੱਥੇ ਬਿਠਾਵਾਂ? ਇੱਕ ਚਾਦਰ ਦੀ ਵਿਛਾਈ ਕਰਕੇ ਉੱਤੇ ਬਿਠਾਇਆ ਤੇ ਰੋ ਕੇ ਆਖਿਆ, ਭਾਈ ਲਾਲੋ ਜੀ ਨੇ ਸੱਚੇ ਪਾਤਸ਼ਾਹ! ਮੈਂ ਗਰੀਬ ਹਾਂ। ਮੇਰੇ ਕੋਲ ਇਹੀ ਕੁਝ ਹੈ। ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਆਖਿਆ, ਭਾਈ ਲਾਲੋ, ਮੈਂ ਬਾਹਰਲੀਆਂ ਵਿਛਾਈਆਂ ਨਹੀਂ ਭਾਲਦਾ, ਮੈਂ ਤਾਂ ਪਿਆਰ ਵਾਲੇ ਹਿਰਦੇ ਤੱਕਦਾ ਹਾਂ। ਤੇ ਭੁੱਖ ਲੱਗੀ ਹੈ, ਕੁਝ ਹੈ ਛਕਣ ਲਈ। ਭਾਈ ਲਾਲੋ ਜੀ ਨੇ ਆਖਿਆ, ਅੱਜ ਤਾਂ ਪਕਾਈ ਨਹੀਂ। ਕੱਲ੍ਹ ਪਕਾਈ ਸੀ। ਥੋੜ੍ਹੀ ਜਿਹੀ ਬਚਾ ਕੇ ਰੱਖੀ ਹੋਈ ਹੈ। ਇੱਕ ਦਿਨ ਪਕਾ ਲੈਂਦਾ ਹਾਂ ਤੇ ਦੋ-ਦੋ ਡੰਗ ਖਾ ਲੈਂਦਾ ਹਾਂ। ਆਖਣ ਲੱਗੇ, ਲਿਆਓ, ਉਹ ਕੱਲ੍ਹ ਦਾ ਸੁੱਕਾ ਪ੍ਰਸ਼ਾਦਾ ਜਿਸ ਵੇਲੇ ਭਾਈ ਲਾਲੋ ਜੀ ਨੇ ਲਿਆਂਦਾ, ਉੱਤੋਂ ਕੋਧਰੇ ਦਾ ਪ੍ਰਸ਼ਾਦਾ ਤੇ ਸਾਗ ਅਲੂਣਾ ਤੇ ਗੁਰੂ ਨਾਨਕ ਮਹਾਰਾਜ ਜੀ ਨੇ ਆਖਿਆ, ਲੈ ਮਰਦਾਨਿਆ, ਰਸਤੇ ਵਿੱਚ ਕਹਿੰਦਾ ਸੀ, ਭੁੱਖ ਲੱਗੀ ਹੈ। ਰੱਜ ਕੇ ਖਾ। ਭਾਈ ਮਰਦਾਨਾ ਜੀ ਆਖਣ ਲੱਗੇ, ਬਾਬਾ, ਇਹ ਪ੍ਰਸ਼ਾਦਾ ਖਾ ਕੇ ਹੁਣ ਕੀਰਤਨ ਨਾ ਹੋਵੇਗਾ। ਇਹ ਪਹਿਲੇ ਦਿਨ ਦੀ ਮਹਿਮਾਨਦਾਰੀ ਹੈ। ਪਹਿਲੇ ਦਿਨ ਦੀ ਰੋਟੀ ਹੈ। ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਆਖਿਆ, ਖਾ ਕੇ ਤਾਂ ਵੇਖ। ਰਸਨਾ ਨਾਲ ਲਗਾ ਕੇ ਤਾਂ ਵੇਖ। ਹੱਛਾ ਗਰੀਬ ਨਿਵਾਜ! ਅੱਧੀ ਬੁਰਕੀ ਦੇ ਦੇ। ਆਖਣ ਲੱਗੇ, ਭਗਤ ਦਾ ਪ੍ਰਸ਼ਾਦ ਹੈ, ਨਿਰਾਦਰੀ ਨਾ ਕਰੀਂ। ਲੈ ਲੈ ਭਾਵੇਂ ਅੱਧੀ ਲੈ ਲੈ। ਅੱਛਾ ਫਿਰ ਥੋੜ੍ਹੀ ਜਿੰਨੀ ਦੇ ਦੋ। ਗੁਰੂ

ਨਾਨਕ ਮਹਾਰਾਜ ਜੀ ਨੇ ਜਿਸ ਵੇਲੇ ਅੱਧੀਓਂ ਅੱਧੀ ਬੁਰਕੀ ਭਾਈ ਮਰਦਾਨਾ ਜੀ ਦੀ ਤਲੀ ਤੇ ਰੱਖੀ ਤੇ ਭਾਈ ਮਰਦਾਨਾ ਜੀ ਨੇ ਰਸਨਾ ਨਾਲ ਲਗਾਈ ਤੇ ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਆਖਿਆ, ਭਗਤ ਦਾ ਪ੍ਰਸ਼ਾਦ ਹੈ। ਦੰਦਾਂ ਵਿੱਚ ਲਿਆ ਕੇ ਨਿਰਾਦਰੀ ਨਾ ਕਰੀਂ ਮਰਦਾਨਿਆ, ਆਪਣੀ ਜੀਭ ਤੇ ਰੱਖ ਕੇ ਪ੍ਰਸ਼ਾਦੇ ਦਾ ਰਸ ਲੈ ਇਸ ਦਾ, ਤੇ ਸੱਚਮੁੱਚ ਭਾਈ ਮਰਦਾਨਾ ਜੀ ਨੂੰ ਛੱਤੀ ਪਦਾਰਥਾਂ ਦਾ ਸਵਾਦ ਆਇਆ। ਛੱਤੀ ਪਦਾਰਥ। ਭਾਈ ਮਰਦਾਨਾ ਜੀ ਪੁੱਛਦੇ ਹਨ ਗੁਰੂ ਜੀ ਨੂੰ ਕਿਹੜਾ ਜਾਦੂ ਹੈ ਇਸ ਪਦਾਰਥ ਵਿੱਚ? ਪਾਤਸ਼ਾਹ, ਜਿਹੜੇ ਪਦਾਰਥ ਦਾ ਮੈਂ ਸੁਆਦ ਕਰਾਂ, ਮਾਲੂਮ ਹੁੰਦਾ ਹੈ ਕਿ ਉਹੀ ਸੁਆਦ ਲੈ ਰਿਹਾ ਹਾਂ। ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਆਖਿਆ ਮਰਦਾਨਿਆ, ਇਹ ਭਗਤੀ ਦਾ ਪ੍ਰਸ਼ਾਦ ਹੈ। ਇਹ ਧਰਮ ਦੀ ਕਿਰਤ ਦਾ ਫਲ ਹੈ। ਇਹ ਜਪਣ ਵਾਲਾ ਹੈ ਭਾਈ ਲਾਲੋ। ਇਸ ਦੇ ਹੱਥਾਂ ਦੀ ਬਰਕਤ ਹੈ। ਧਰਮ ਦੀ ਕਿਰਤ ਕਰਨੀ, ਹੱਥੀਂ ਕਿਰਤ ਕਰਨੀ ਧੰਨ ਗੁਰੂ ਨਾਨਕ ਮਹਾਰਾਜ ਨੇ ਸਾਨੂੰ ਸਿਖਾਈ।

ਐਮਨਾਬਾਦ ਤੋਂ ਬਾਅਦ ਕੁਝ ਇਲਾਕਿਆਂ ਵਿੱਚ ਹੁੰਦੇ ਹੋਏ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੁਨੀਆਂ ਨੂੰ ਤਾਰਦੇ ਹੋਏ ਇੱਕ ਦਿਨ ਭਾਈ ਮਰਦਾਨਾ ਜੀ ਨੂੰ ਕਹਿਣ ਲੱਗੇ ਚੱਲ ਮਰਦਾਨਿਆ ਤਲਵੰਡੀ ਦੀਆਂ ਗਲੀਆਂ ਵਿੱਚ ਚੱਲੀਏ ਉੱਥੇ ਰਾਇ ਬੁਲਾਰ ਪੁਕਾਰਾਂ ਪਿਆ ਕਰ ਰਿਹਾ ਹੈ। ਜਦੋਂ ਫਿਰ ਰਾਇ ਬੁਲਾਰ ਦੀ ਫਰਿਆਦ ਪਰਬਲ ਹੋਈ ਸੱਚੇ ਪਾਤਸ਼ਾਹ ਜੀ ਨੇ ਆ ਕੇ ਰਾਇ ਬੁਲਾਰ ਅਤੇ ਹੋਰਨਾਂ ਨੂੰ ਦਰਸ਼ਨ ਦੇ ਕੇ ਨਦਰੋ ਨਦਰੀ ਨਿਹਾਲ ਕੀਤਾ।

---


## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਸਾਡੇ ਸਿਫਤਿ ਸਾਲਾਹ ਬੈਂਕ ਖਾਤੇ ਵਿੱਚ ਕੈਸ਼ ਜਮ੍ਹਾਂ ਨਾ ਕਰਵਾਇਆ ਜਾਵੇ ਕਿਉਂਕਿ ਜਦੋਂ ਵੀ ਤੁਸੀਂ ਰਸਾਲੇ ਵਾਸਤੇ ਕੈਸ਼ ਜਮ੍ਹਾਂ ਕਰਵਾਉਂਦੇ ਹੋ ਤੇ 58/- ਰੁਪਏ ਬੈਂਕ ਵੱਲੋਂ ਕੱਟ ਲਏ ਜਾਂਦੇ ਹਨ। ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਪੈਸੇ ਭੇਜ ਸਕਦੇ ਹੋ।

**ਸਿਫਤਿ ਸਾਲਾਹ ਪੱਤ੍ਰਿਕਾ**
ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ।

1) ਬੈਂਕ ਡਰਾਫਟ ਜਾਂ ਚੈੱਕ ਰਾਹੀਂ
2) RTGS/NEFT ਰਾਹੀਂ ਜਾਂ ਬੈਂਕ Transfer ਰਾਹੀਂ
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245 ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

3) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। ਪਤਾ ਲਿਖਣ ਲੱਗਿਆ Pin Code No. ਲਿਖ ਕੇ ਜ਼ਰੂਰ ਭੇਜੋ ਜੀ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਦੋ ਸਾਲ ਦਾ ਚੰਦਾ 237/- ਰੁਪਏ, ਪੰਜ ਸਾਲ ਦਾ ਚੰਦਾ 450/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

| ਚੰਦਾ (ਦੇਸ਼) | |
|---|---|
| ਦੋ ਸਾਲ | 200+37=237/- |
| ਪੰਜ ਸਾਲ | 400+50=450/- |
| ਲਾਈਫ | 1600+85=1685/- |

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850



# ਸੱਚ ਆਚਾਰ - ਪ੍ਰੈਕਟੀਕਲ ਜੀਵਨ

*—ਭਾਈ ਅਮਰੀਕ ਸਿੰਘ ਗਨੈਸਕ*

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਥਾਏ ਆਪੋ ਆਪਣੀ ਭਾਵਨਾ ਅਨੁਸਾਰ ਵਿਦਵਾਨਾਂ ਨੇ ਬਹੁਤ ਕੁਝ ਲਿਖਿਆ ਤੇ ਬੋਲਿਆ ਹੈ। ਆਪੋ ਆਪਣੀ ਭਾਵਨਾ ਅਨੁਸਾਰ ਹਰ ਕਿਸੇ ਨੇ ਉਸਤਤਿ ਕੀਤੀ ਹੈ ਪਰ ਸਹੀ ਅਰਥਾਂ ਵਿੱਚ ਨਾ ਉਹ ਭਾਸ਼ਾ ਬਣੀ ਹੈ, ਨਾ ਉਹ ਲਫਜ਼ ਬਣੇ ਹਨ ਜੋ ਕਿ ਗੁਰੂ ਸਾਹਿਬ ਦੇ ਨੂਰ ਦੇ ਇੱਕ ਕਿਣਕੇ ਦਾ ਵੀ ਵਰਣਨ ਕਰ ਸਕਣ। ਨਾ ਹੀ ਕਿਸੇ 'ਚ ਇੰਨੀ ਸਮੱਰਥਾ ਹੈ ਕਿ ਉਹ ਗੁਰੂ ਸਾਹਿਬ ਦੀ ਉਪਮਾ ਕਰ ਸਕੇ ਅਤੇ ਨਾ ਹੀ ਗੁਰੂ ਸਾਹਿਬ ਦੀ ਕਿਸੇ ਨਾਲ ਤੁਲਨਾ ਕੀਤੀ ਜਾ ਸਕਦੀ ਹੈ।

ਉਹ ਸਮਾਂ ਜਦੋਂ ਧਰਤੀ ਤੇ ਬੇਅੰਤ ਕਿਸਮ ਦਾ ਗੁਬਾਰ ਛਾ ਗਿਆ ਤਾਂ ਧਰਤੀ ਪੁਕਾਰਾਂ ਕਰ ਰਹੀ ਸੀ, ਭਾਵੇਂ ਵਿਚਾਰਿਆਂ ਹੈਰਾਨੀ ਹੁੰਦੀ ਹੈ ਕਿ ਕੈਸਾ ਸਮਾਂ ਸੀ, ਪਰ ਉਸ ਗੁਬਾਰ ਦਾ ਵੀ ਸਾਡੇ ਉੱਪਰ ਉਪਕਾਰ ਹੈ। ਜਿਸ ਕਾਰਨ ਆਪ ਅਕਾਲ ਪੁਰਖ ਗੁਰੂ ਨਾਨਕ ਦੇਵ ਜੀ ਦਾ ਸਰੂਪ ਧਾਰ ਕੇ ਧਰਤੀ ਤੇ ਆਏ। ਜਿੱਥੋਂ ਤੱਕ ਅਬਾਦੀ ਸੀ, ਉੱਥੇ ਤੱਕ ਉਦਾਸੀਆਂ ਕਰਕੇ ਧਰਤੀ ਨੂੰ ਨਿਵਾਜਿਆ, ਭੁੱਲੀ ਭਟਕੀ ਲੋਕਾਈ ਨੂੰ ਗੁਰਮਤਿ ਦੀ ਸੋਝੀ ਦਿੱਤੀ। ਜਿਨ੍ਹਾਂ ਹਿਰਦਿਆਂ ਤੇ ਗਿਆਨ ਦਾ ਪ੍ਰਕਾਸ਼ ਕੀਤਾ, ਅੱਗੋਂ ਉਨ੍ਹਾਂ ਨੂੰ ਵੀ ਪ੍ਰਚਾਰ ਲਈ ਥਾਪਿਆ। ਆਪ ਜੀ ਨੇ ਸੰਸਾਰ ਨੂੰ ਸੇਧ ਦਿੱਤੀ ਕਿ ਗੁਣਾਂ ਦੀ ਸਾਂਝ ਕੀਤੀ ਜਾਵੇ।

*ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥*

*(ਅੰਗ ੭੬੬)*

ਸੰਸਾਰ ਵਿੱਚ ਚੰਗਿਆਈ ਵੀ ਤੇ ਬੁਰਿਆਈ ਵੀ ਹੈ। ਚੰਗਿਆਈ ਦੀ ਸਾਂਝ ਪਾਈ ਜਾਵੇ, ਬੁਰਿਆਈ ਛੱਡੀ ਜਾਵੇ ਤਾਂ ਸਾਰੇ ਮਸਲੇ ਹੱਲ ਹੋ ਜਾਣ। ਇਸੇ ਕਾਰਨ ਗੁਰੂ ਸਾਹਿਬ ਨੇ ਸਿੱਧਾਂ ਨੂੰ ਵੀ ਬਚਨ ਕੀਤਾ ਕਿ ਤੁਸੀਂ ਪਰਬਤੀ ਆ ਬੈਠੇ, ਜੇ ਕਿਸੇ ਨੂੰ ਚੇਲਾ ਬਣਾਇਆ ਉਸਨੂੰ ਵੀ ਜੰਗਲਾਂ, ਪਹਾੜਾਂ ਵਿੱਚ ਲੈ ਆਂਦਾ। ਜਿੰਨੀ ਕੁ ਰੂਹਾਨੀ ਖੋਜ ਕੀਤੀ ਸੀ ਉਸ ਦੀ ਸੰਸਾਰ ਵਿੱਚ ਸਾਂਝ ਪਾਈ ਜਾ ਸਕਦੀ ਸੀ।

*ਸਿਧ ਛਪਿ ਬੈਠੇ ਪਰਬਤੀ*
*ਕਉਣੁ ਜਗਤਿ ਕਉ ਪਾਰਿ ਉਤਾਰਾ।*

*(ਵਾਰ: ੧, ਪਉੜੀ ੨੯)*

ਰੂਹਾਨੀ ਖੋਜ ਜਾਂ ਸੰਸਾਰ ਵਿੱਚ ਇਸ ਦੀ ਸਾਂਝ ਪਾਉਣ ਦੀ ਥਾਂ ਬਹੁਤੇ ਸਿੱਧ ਰਿੱਧੀ-ਸਿੱਧੀ ਦੇ ਮੋਹ ਵਿੱਚ ਅਟਕ ਗਏ। ਜੀਵਨ ਦੇ ਚੰਗੇ ਗੁਣ, ਚੰਗਿਆਈ, ਪਰਮਾਰਥ ਸਿਰਫ਼ ਗੱਲਾਂ-ਬੱਤਾਂ ਕਰਨ ਜਾਂ ਗ੍ਰੰਥਾਂ ਵਿੱਚੋਂ ਪੜ੍ਹਨ ਮਾਤਰ ਲਈ ਨਹੀਂ ਸਨ। ਗੁਰੂ ਸਾਹਿਬ ਦਾ ਫ਼ਰਮਾਨ ਹੈ :

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥*

*(ਅੰਗ ੬੨)*

ਭਾਵ ਕਿ ਸਭ ਕੁਝ ਸੱਚ ਤੋਂ ਉਰੇ ਹੈ, ਸੱਚ ਤੋਂ ਪਿੱਛੇ ਹੈ, ਪਰ ਜੇ ਕੁਝ ਸੱਚ ਤੋਂ ਵੀ ਉੱਪਰ ਹੈ ਤਾਂ ਉਹ ਹੈ ਸੱਚ ਦਾ ਆਚਾਰ। ਭਾਵ ਜੀਵਨ ਵਿੱਚ ਸੱਚ ਨੂੰ ਪ੍ਰੈਕਟੀਕਲ ਰੂਪ ਵਿੱਚ ਅਪਨਾ ਲੈਣਾ। ਸਚਿਆਰੇ ਹੋ ਜਾਣਾ। ਜਦ ਦਸਵੇਂ ਜਾਮੇ ਵਿੱਚ ਆਪ ਜੀ ਨੇ ਫ਼ਰਮਾਇਆ:

*ਰਹਿਤ ਪਿਆਰੀ ਮੁਝ ਕਉ ਸਿਖ ਪਿਆਰਾ ਨਾਹਿ ॥*

ਤਾਂ ਆਪ ਜੀ ਨੇ ਇਹ ਦ੍ਰਿੜ੍ਹ ਕਰਵਾਇਆ ਕਿ ਜੀਵਨ ਵਿੱਚ ਗੁਣ ਆ ਜਾਣ। ਗੁਰ ਉਪਦੇਸ਼ ਹਿਰਦੇ ਵਿੱਚ ਵੱਸ ਜਾਵੇ।

ਗੁਰੂ ਸਾਹਿਬ ਨੇ ਜਿਸ ਜੀਵਨ ਜਾਚ ਦਾ ਉਪਦੇਸ਼ ਦਿੱਤਾ, ਉਹ ਸੁਖੈਨ ਅਤੇ ਸੰਪੂਰਨ ਜੀਵਨ ਜਾਚ ਹੈ। ਆਪ ਜੀ ਨੇ ਨਾਮ ਜਪਣ, ਕਿਰਤ ਕਰਨ ਤੇ ਵੰਡ ਛੱਕਣ ਦਾ ਉਪਦੇਸ਼ ਕੀਤਾ। ਨਾਮ ਜਪਣਾ ਜੀਵਨ ਮਨੋਰਥ ਦੀ ਪ੍ਰਾਪਤੀ ਲਈ ਹੈ। ਕਿਰਤ ਆਪਣੇ ਪਰਿਵਾਰ ਦੇ ਪਾਲਣ ਪੋਸ਼ਣ ਲਈ। ਕਿਰਤ ਕਰਦਿਆਂ ਸੁਆਰਥੀ ਨਹੀਂ ਹੋ ਜਾਣਾ, ਵੰਡ ਕੇ ਛਕਣਾ ਹੈ ਭਾਵ ਦਸਵੰਧ ਸੇਵਾ ਵਿੱਚ ਲਾਉਣਾ ਹੈ। ਗੁਰਮੁਖ ਦੀ ਰਹਿਣੀ ਬਾਰੇ ਆਪ ਜੀ ਨੇ ਫ਼ਰਮਾਇਆ ਹੈ:

*ਗੁਰਮਖਿ ਨਾਮੁ ਦਾਨੁ ਇਸਨਾਨੁ ॥*

*(ਅੰਗ ੯੪੨)*

ਗੁਰਮੁਖ ਨਾਮ ਜਪਦਾ ਹੈ। ਸੁਰਤਿ ਸ਼ਬਦ ਨਾਲ ਜੋੜਦਾ ਹੈ। ਦਾਨ ਕਰਦਾ ਹੈ। ਕਿਰਤ ਕਮਾਈ ਵਿੱਚੋਂ ਦਸਵੰਧ ਸੇਵਾ ਵਿੱਚ ਲਾਉਂਦਾ ਹੈ। ਘਾਲ ਕਮਾਈ ਨੂੰ ਗੁਰੂ ਅਰਪਣ ਕਰਦਾ ਹੈ। ਟੁੱਟਿਆਂ ਹੋਇਆਂ ਨੂੰ ਜੋੜਦਾ ਹੈ। ਇਹ ਗੁਰਮੁਖ ਦਾ ਦਾਨ ਵਾਲਾ ਪੱਖ ਹੈ। ਗੁਰਮੁਖ ਇਸਨਾਨ ਕਰਦਾ ਹੈ। ਮੈਲਾ ਕੁਚੈਲਾ ਨਹੀਂ ਰਹਿੰਦਾ। ਸਾਫ-ਸਫਾਈ ਰੱਖਦਾ ਹੈ। ਸ਼ਬਦ ਰੂਪੀ ਸਰੋਵਰ ਵਿੱਚ ਅੰਤਸ਼ਕਰਣ ਦਾ ਇਸ਼ਨਾਨ ਕਰਵਾਉਂਦਾ ਹੈ। ਗੁਰਮੁਖਾਂ ਦੀ ਇਕੱਤਰਤਾ ਵੀ ਸਤਿਸੰਗ ਰੂਪ ਸਰੋਵਰ ਬਣਦਾ ਹੈ ਜਿਸ ਵਿੱਚ ਜਗਿਆਸੂ ਇਸ਼ਨਾਨ ਕਰ ਸਕਦੇ ਹਨ।

ਗੁਰੂ ਸਾਹਿਬ ਨੇ ਇਸ ਅਨਮੋਲ ਜੀਵਨ ਨੂੰ ਦਰਸਾਉਣ ਦੇ ਨਾਲ ਇੱਕ ਵੱਡਾ ਉਪਕਾਰ ਇਹ ਕੀਤਾ ਕਿ ਸਮੁੱਚੇ ਉਪਦੇਸ਼ ਨੂੰ ਗੁਰਬਾਣੀ ਰੂਪ ਵਿੱਚ ਉਚਾਰਨ ਦੇ ਨਾਲ-ਨਾਲ ਲਿਖਤੀ ਰੂਪ ਵਿੱਚ ਵੀ ਦਿੱਤਾ। ਜਦ ਆਪ ਜੀ ਬਨਾਰਸ ਗਏ, ਭਗਤ ਕਬੀਰ ਜੀ ਦਰਸ਼ਨਾਂ ਲਈ ਆਏ। ਆਪ ਜੀ ਨੇ ਉਨ੍ਹਾਂ ਕੋਲੋਂ ਉਨ੍ਹਾਂ ਦੀ ਬਾਣੀ ਵੀ ਲਿਖਤੀ ਰੂਪ ਵਿੱਚ ਲੈ ਲਈ। ਇਸੇ ਤਰ੍ਹਾਂ ਵਿਦਵਾਨ ਇਹ ਵੀ ਦੱਸਦੇ ਹਨ, ਆਪ ਜੀ ਨੇ ਸ਼ੇਖ ਬ੍ਰਹਮ ਜੀ ਪਾਸੋਂ ਬਾਬਾ ਫਰੀਦ ਜੀ ਦੀ ਬਾਣੀ ਵੀ ਪ੍ਰਾਪਤ ਕੀਤੀ। ਆਪਣੀ ਅਤੇ ਭਗਤਾਂ ਦੀ ਬਾਣੀ ਨੂੰ ਲਿਖਤੀ ਰੂਪ ਵਿੱਚ ਇਕੱਤਰ ਕਰਨ ਦਾ ਮਨੋਰਥ ਸੀ। ਮਨੁੱਖਤਾ ਨੂੰ ਹਮੇਸ਼ਾਂ ਲਈ ਰੂਹਾਨੀਅਤ ਦਾ ਸੋਮਾ ਦੇਣਾ।

ਪੰਜਵੇਂ ਜਾਮੇ ਵਿੱਚ ਆਪ ਜੀ ਨੇ ਆਦਿ ਗ੍ਰੰਥ ਸਾਹਿਬ ਜੀ ਦੇ ਸਰੂਪ ਤਿਆਰ ਕਰਵਾ ਕੇ ਹਰਿਮੰਦਰ ਸਾਹਿਬ ਵਿਖੇ ਪਹਿਲਾ ਪ੍ਰਕਾਸ਼ ਕਰਵਾਇਆ। ਫਿਰ ਦਸਵੇਂ ਜਾਮੇ ਵਿੱਚ ਦੁਬਾਰਾ ਸਾਰੀ ਬਾਣੀ ਲਿਖਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਗੱਦੀ ਦੇ ਕੇ ਮਹਾਨ ਪਰਉਪਕਾਰ ਕੀਤਾ।

ਅੱਜ ਸੰਸਾਰ ਦੇ ਵੱਡੇ-ਵੱਡੇ ਸਾਧੂ-ਸੰਤ, ਵਿਦਵਾਨ, ਖੋਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸੋਝੀ ਪ੍ਰਾਪਤ ਕਰਦੇ ਹਨ। ਰਵਿੰਦਰ ਨਾਥ ਟੈਗੋਰ, ਅਚਾਰਿਆ ਵਿਨੋਵਾ ਭਾਵੇਂ ਡਾਕਟਰ ਸਵਾਮੀ ਰਾਮ, ਡਾਕਟਰ ਵੇਦ ਭਾਰਤੀ ਆਦਿ ਬੇਅੰਤ ਐਸੇ ਨਾਮ ਹਨ, ਜਿਨ੍ਹਾਂ ਨੇ ਬੁਲੰਦ ਅਵਾਜ਼ ਵਿੱਚ ਸਰਵ ਸਾਂਝੀ ਗੁਰਬਾਣੀ ਦੀ ਉਸਤਤਿ ਕੀਤੀ।

ਗੁਰੂ ਸਾਹਿਬ ਦਾ ਮਿਸ਼ਨ ਸਰਬਤ ਦਾ ਭਲਾ ਹੈ। ਇਸਦੇ ਲਈ ਆਪ ਜੀ ਨੇ ਸਮੁੱਚੀ ਮਨੁੱਖਤਾ ਲਈ ਸਰਵ ਸਾਂਝਾ ਉਪਦੇਸ਼ ਗੁਰਬਾਣੀ ਰਾਹੀਂ ਦਿੱਤਾ ਹੈ ਤੇ ਸਾਡੇ ਤੋਂ ਆਸ ਰੱਖੀ ਹੈ ਕਿ ਅਸੀਂ ਇਸ ਉਪਦੇਸ਼ ਨੂੰ ਪ੍ਰੈਕਟੀਕਲ ਰੂਪ ਵਿੱਚ ਅਪਨਾਈਏ। ਸੱਚ ਨੂੰ ਜੀਵਨ ਵਿੱਚ ਧਾਰਨ ਕਰੀਏ।

ਆਓ ਅਸੀਂ ਇਸ ਪਾਸੇ ਯਤਨਸ਼ੀਲ ਹੋਈਏ। ਗੁਰਬਾਣੀ ਨੂੰ ਪੜ੍ਹੀਏ, ਸੁਣੀਏ, ਗਾਵੀਏ, ਬਾਣੀ ਦੀ ਵਿਚਾਰ ਕਰੀਏ ਫੇਰ ਉਸ ਵਿਚਾਰ ਨੂੰ ਪ੍ਰੈਕਟੀਕਲੀ ਆਪਣੇ ਜੀਵਨ ਵਿੱਚ ਕਮਾਉਣ ਦਾ ਯਤਨ ਕਰੀਏ। ਗੁਰੂ ਸਾਹਿਬ ਕਿਰਪਾ ਕਰਨ ਸਮਰੱਥਾ ਬਖਸ਼ਣ, ਇਸ ਰਸਤੇ ਤੋਰ ਲੈਣ।

ਸਾਰੀ ਕਾਇਨਾਤ ਨੂੰ 550 ਸਾਲਾ ਪ੍ਰਕਾਸ਼ ਦਿਹਾੜੇ ਦੀਆਂ ਬੇਅੰਤ ਵਧਾਈਆਂ ਜੀ।

550 ਸਾਲਾ ਪ੍ਰਕਾਸ਼ ਦਿਵਸ ਤੇ ਵਿਸ਼ੇਸ਼

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵੀਚਾਰਾਂ ਵਿੱਚੋਂ

# ਆਓ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਪਛਾਣੀਏ !

*—ਸੰਪਾਦਕ*

ਧੰਨ ਸ੍ਰੀ ਗੁਰੂ ਨਾਨਕ ਮਹਾਰਾਜ ਦਾ 550 ਸਾਲਾ ਪ੍ਰਕਾਸ਼ ਦਿਵਸ ਮਨਾਇਆ ਜਾ ਰਿਹਾ ਹੈ। ਇਹ ਪ੍ਰਕਾਸ਼ ਦਿਹਾੜਾ ਮਨਾਉਣਾ ਸਫਲ ਹੋ ਜਾਵੇਗਾ, ਜੇ ਕਿਤੇ ਸਾਡੀ ਅੱਖ ਨੇ ਧੰਨ ਗੁਰੂ ਨਾਨਕ ਮਹਾਰਾਜ ਜੀ ਨੂੰ ਇਸੇ ਜਨਮ ਵਿੱਚ ਪਛਾਣ ਲਿਆ, ਸਾਡੀ ਉਨ੍ਹਾਂ ਪ੍ਰਤੀ ਭਾਵਨਾ ਬਣ ਗਈ।

ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਦੁਨੀਆਂ ਨੂੰ ਤਾਰਨ ਵਿੱਚ ਚਾਰ ਵਿਸ਼ੇਸ਼ ਗੁਣ ਹਨ। ਇਹ ਗੁਣ ਹਰ ਵੇਲੇ ਹਿਰਦੇ 'ਤੇ ਲਿਖ ਕੇ ਰੱਖਣਾ ਤਾਂ ਕਿ ਸਾਨੂੰ ਵੀ ਸ਼ਰਧਾ ਦਾ ਕਿਣਕਾ ਮਿਲ ਜਾਵੇ। ਸਿਦਕ ਦਾ ਕਿਣਕਾ। ਭਾਵਨਾ ਦਾ ਕਿਣਕਾ। ਬੜੀ ਲੋੜ ਹੈ ਭਾਵਨਾ ਦੀ। ਦਾਸ ਇੱਥੇ ਇੱਕ ਬੇਨਤੀ ਕਰ ਦੇਵੇ ਜਦ ਤੱਕ ਸਾਡੀ ਭਾਵਨਾ ਨਹੀਂ ਬਣੀ ਗੁਰੂ ਨਾਨਕ ਮਹਾਰਾਜ ਜੀ 'ਤੇ, ਇੱਕ ਗੱਲ ਜ਼ਰੂਰ ਸਮਝ ਲੈਣਾ, ਜੋ ਕੁਝ ਕਰ ਰਹੇ ਹੋ, ਖਤਰਾ ਹੀ ਖਤਰਾ ਹੈ, ਜੇ ਭਾਵਨਾ ਨਹੀਂ ਬਣੀ। ਤੁਸੀਂ ਕੀਰਤਨ ਸੁਣ ਰਹੇ ਹੋ। ਪਰ ਜੇ ਭਾਵਨਾ ਨਹੀਂ ਬਣੀ ਤਾਂ ਸੁਣਨ ਵਾਲਾ ਵੀ ਟੁੱਟ ਸਕਦਾ ਹੈ। ਸੁਣਨ ਤੋਂ ਬਾਅਦ ਮੰਨਣ ਦੀ ਅਵਸਥਾ ਹੈ। ਜੇ ਭਾਵਨਾ ਨਹੀਂ ਬਣੀ ਤੇ ਮੰਨਣ ਵਾਲਾ ਵੀ ਟੁੱਟ ਸਕਦਾ ਹੈ। ਮੰਨਣ ਤੋਂ ਬਾਅਦ ਭਰੋਸੇ ਦੀ ਅਵਸਥਾ ਹੈ। ਭਰੋਸਾ ਆ ਗਿਆ। ਜੇ ਭਾਵਨਾ ਨਹੀਂ ਬਣੀ ਤੇ ਗੁੱਸਾ ਨਾ ਕਰਨਾ, ਭਰੋਸੇ ਵਾਲਾ ਵੀ ਟੁੱਟ ਸਕਦਾ ਹੈ।

ਕਰੋੜਾਂ ਤੋੜਨ ਵਾਲੇ ਵੀ ਮਿਲ ਜਾਣ, ਕਦੀ ਨਹੀਂ ਟੁੱਟੋਗੇ, ਜੇ ਸਾਡੀ ਗੁਰੂ ਨਾਨਕ ਮਹਾਰਾਜ ਜੀ ਤੇ ਭਾਵਨਾ ਬਣ ਗਈ। ਅੱਜ ਅਰਦਾਸ ਕਰੋ, ਦਾਸ ਦੀ ਵੀ ਤੇ ਆਪਣੀ ਵੀ ਗੁਰੂ ਨਾਨਕ ਸਾਹਿਬ 'ਤੇ ਸਾਡੀ ਭਾਵਨਾ ਬਣ ਜਾਵੇ। ਗੁਰੂ ਨਾਨਕ ਮਹਾਰਾਜ ਜੀ ਨੂੰ ਪਛਾਣ ਲਈਏ। ਭਾਵਨਾ ਵਾਸਤੇ ਚਾਰ ਬਚਨ ਦਾਸ ਤੁਹਾਡੇ ਨਾਲ ਸਾਂਝੇ ਕਰ ਰਿਹਾ ਹੈ। ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਚਾਰ ਵਿਸ਼ੇਸ਼ ਗੁਣ ਹਨ ਜਿਹੜੇ ਹੋਰ ਕਿਤੇ ਨਹੀਂ ਲੱਭਣਗੇ। *ਪਹਿਲਾ ਵਿਸ਼ੇਸ਼ ਗੁਣ- ਧੰਨ ਗੁਰੂ ਨਾਨਕ ਮਹਾਰਾਜ ਜੀ ਪਾਪੀ ਦੇ ਘਰ ਆਪ ਚੱਲ ਕੇ ਗਏ। ਦੂਜਾ ਵਿਸ਼ੇਸ਼ ਗੁਣ- ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਜਿਸ ਪਾਪੀ ਨੂੰ ਵੀ ਤਾਰਿਆ ਹੈ, ਉਸ ਨੂੰ ਬਾਣੀ ਦਾ ਤੀਰ ਮਾਰਿਆ ਹੈ, ਬਾਣੀ ਦਾ ਤੀਰ।* ਪੜ੍ਹੋ ਪਿਆਰ ਨਾਲ :

*ਗੁਰੁ ਸੁੰਦਰੁ ਮੋਹਨੁ ਪਾਇ ਕਰੇ*
*ਹਰਿ ਪ੍ਰੇਮ ਬਾਣੀ ਮਨੁ ਮਾਰਿਆ ॥*

*(ਅੰਗ ੭੭੬)*

*ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥*
*ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥੧੯੪॥*

*(ਅੰਗ ੧੩੭੪)*

ਧੰਨ ਗੁਰੂ ਨਾਨਕ ਮਹਾਰਾਜ ਜੀ ਕੌਣ ਹਨ? ਸਭ ਤੋਂ ਪਹਿਲੀ ਗੱਲ, ਕੋਈ ਮੁਰਸ਼ਦ ਪਾਪੀ ਦੇ ਘਰ ਚੱਲ ਕੇ ਨਹੀਂ ਗਿਆ, ਇਹ ਸਿਰਫ ਗੁਰੂ ਨਾਨਕ ਮਹਾਰਾਜ ਜੀ ਦੇ ਹਿੱਸੇ ਆਇਆ ਹੈ ਤੇ ਜਿਸ ਨੂੰ ਤਾਰਿਆ ਹੈ, ਇੱਕ ਤਾਂ ਉਸਦੇ ਘਰ ਜਾ ਕੇ ਤਾਰਿਆ ਤੇ ਦੂਜਾ ਬਾਣੀ ਦਾ ਤੀਰ ਮਾਰ ਕੇ ਹੀ ਤਾਰਿਆ ਹੈ।

*ਤੀਜਾ ਵਿਸ਼ੇਸ਼ ਗੁਣ- ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਜਿਸ ਨੂੰ ਵੀ ਤਾਰਿਆ, ਉਸ ਦਾ ਪਿਛਲਾ ਲੇਖਾ ਨਹੀਂ ਪੁੱਛਿਆ।* ਕਦੀ ਸੋਚੋ, ਕੀ ਸੱਜਣ ਠੱਗ ਨੇ ਪਾਪ ਨਹੀਂ ਕੀਤੇ। ਵਲੀ ਕੰਧਾਰੀ, ਦਿਪਾਲਪੁਰ ਕੋਹੜੀ, ਨੂਰ ਸ਼ਾਹ ਨੇ ਗਲਤੀਆਂ ਨਹੀਂ ਸਨ ਕੀਤੀਆਂ। ਸੱਜਣ ਠੱਗ ਦੇ ਪਾਪ ਪੜ੍ਹੀਏ ਤੇ ਬੰਦਾ ਕੰਬ

ਜਾਂਦਾ ਹੈ। ਕਿਸੇ ਨੂੰ ਖਾਣੇ ਵਿੱਚ ਜ਼ਹਿਰ ਖਵਾ ਕੇ ਲੁੱਟ ਲੈਣਾ ਤੇ ਖੂਹ ਵਿੱਚ ਸੁੱਟ ਦੇਣਾ। ਇੰਨੇ ਘੋਰ ਪਾਪ। ਉਨ੍ਹਾਂ ਦਾ ਲੇਖਾ ਕਿੱਥੇ ਗਿਆ? ਉਨ੍ਹਾਂ ਨੇ ਜਿਹੜੀਆਂ ਗਲਤੀਆਂ ਕੀਤੀਆਂ, ਉਹ ਲੇਖਾ ਕਿੱਥੇ ਗਿਆ? ਇਹ ਗੁਰੂ ਨਾਨਕ ਮਹਾਰਾਜ ਜੀ ਦੀ ਵਿਸ਼ੇਸ਼ਤਾ ਹੈ ਕਿ ਜਿਸ ਨੂੰ ਵੀ ਤਾਰਿਆ ਹੈ, ਉਸ ਦਾ ਪਿਛਲਾ ਲੇਖਾ ਨਹੀਂ ਪੁੱਛਿਆ। ਪੁਲਿਸ ਕਿਸੇ ਨੂੰ ਫੜ ਲਵੇ, ਗਲਤੀ ਹੋਵੇ ਤੇ ਸਜ਼ਾ ਦਿੰਦੀ ਹੈ। ਅਦਾਲਤ ਸਜ਼ਾ ਦਿੰਦੀ ਹੈ ਕਿ ਉਸ ਨੇ ਗਲਤੀ ਕੀਤੀ ਹੈ। ਇੱਥੋਂ ਤੱਕ ਕਿ ਧਰਮਰਾਜ ਵੀ ਸਜ਼ਾ ਦਿੰਦਾ ਹੈ ਪਰ ਗੁਰੂ ਨਾਨਕ ਮਹਾਰਾਜ ਜੀ ਨੇ ਕੀ ਕੀਤਾ? ਕਿਸੇ ਦਾ ਲੇਖਾ ਨਹੀਂ ਪੁੱਛਿਆ। ਕਿੱਥੇ ਗਿਆ ਉਹ ਲੇਖਾ। ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸੀ, ਗੁਰੂ ਨਾਨਕ ਮਹਾਰਾਜ ਜੀ ਨੇ ਆਪਣੇ ਕੋਲ ਉਸਦੇ ਔਗੁਣ ਰੱਖ ਲਏ ਤੇ ਕੋਲੋਂ ਗੁਣ ਦੇ ਕੇ ਬਖਸ਼ ਦਿੱਤਾ। ਇੱਕ ਹੈ, ਸਜ਼ਾ ਦੇ ਕੇ ਬਖਸ਼ਣਾ ਪਰ ਇੱਕ ਹੈ, ਕੋਲੋਂ ਗੁਣ ਦੇ ਬਖਸ਼ ਦਿੱਤਾ।

*ਚੌਥਾ ਵਿਸ਼ੇਸ਼ ਗੁਣ- ਧੰਨ ਗੁਰੂ ਨਾਨਕ ਮਹਾਰਾਜ ਜੀ ਨੇ ਜਿਸ ਨੂੰ ਤਾਰਿਆ ਉਸਨੂੰ ਇਕੱਲੇ ਨਹੀਂ ਤਾਰਿਆ, ਇਹੋ ਜਿਹੀ ਨਦਰਿ ਕੀਤੀ ਹੈ ਕਿ ਉਹ ਅੱਗੋਂ ਕਈਆਂ ਨੂੰ ਤਾਰਨ ਵਾਲਾ ਬਣ ਗਿਆ ਹੈ।* ਸੱਜਣ ਠੱਗ ਇਕੱਲੇ ਨੂੰ ਨਹੀਂ ਤਾਰਿਆ, ਇਹੋ ਜਿਹੀ ਬੈਟਰੀ ਚਾਰਜ ਕਰ ਦਿੱਤੀ ਕਿ ਹੁਣ ਇਲਾਕੇ ਦਾ ਮੁੱਖੀ ਬਣਾ ਦਿੱਤਾ ਕਿ ਤੈਨੂੰ ਵੀ ਚਾਬੀਆਂ ਦੇ ਦਿੱਤੀਆਂ ਹਨ, ਚੱਲ ਵੰਡ ਅੱਗੇ!

ਹੋਰ ਵੇਖ ਲਓ। ਸਾਲਸ ਰਾਏ ਜੌਹਰੀ ਤੇ ਉਸ ਦਾ ਨੌਕਰ ਅਦਰਕਾ। ਦਿੱਤੀ ਇਲਾਕੇ ਦੀ ਮੰਜੀ। ਐ ਸਾਲਸ ਰਾਏ! ਇਸ ਇਲਾਕੇ ਦੀ ਮੰਜੀ ਤੇਰੇ ਕੋਲ ਹੈ। ਦੋ ਸਾਲ, ਕੁਝ ਮਹੀਨੇ ਤੇਰੀ ਉਮਰ ਹੈ, ਤੂੰ ਜਿਊਣਾ ਹੈ। ਉਸ ਤੋਂ ਬਾਅਦ ਇਹ ਤੇਰਾ ਨੌਕਰ ਇਸ ਮੰਜੀ 'ਤੇ ਬੈਠੇਗਾ। ਇਕੱਲੇ ਸਾਲਸ ਰਾਏ ਜੌਹਰੀ ਨੂੰ ਨਹੀਂ ਤਾਰਿਆ, ਇਹੋ ਜਿਹੀ ਨਦਰਿ ਕੀਤੀ ਕਿ ਦੁਨੀਆਂ ਨੂੰ ਤਾਰਨ ਵਾਲਾ ਬਣਾ ਦਿੱਤਾ। ਇੱਕ ਹੁੰਦਾ ਹੈ, ਇਕੱਲੇ ਨੂੰ ਤਾਰ ਦੇਣਾ, ਇੱਕ ਹੈ ਕਿ ਉਸ ਨੂੰ ਤਾਰਨ ਵਾਲਾ ਬਣਾ ਦੇਣਾ। ਜਿਸ ਨੂੰ ਵੀ ਤਾਰਿਆ ਉਸਨੂੰ ਇਕੱਲੇ ਨਹੀਂ ਤਾਰਿਆ, ਉਸ ਨੂੰ ਅੱਗੋਂ ਤਾਰਨ ਵਾਲਾ ਬਣਾ ਦਿੱਤਾ ਹੈ।

*ਸਤਿਗੁਰ ਕੀ ਐਸੀ ਵਡਿਆਈ ॥*
*ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥੨॥*

*(ਅੰਗ ੬੬੧)*

ਆਪ ਜਾ ਕੇ ਤਾਰਿਆ ਹੈ। ਬਾਣੀ ਦਾ ਬਾਣ ਮਾਰ ਕੇ ਤਾਰਿਆ ਹੈ। ਜਿਸ ਨੂੰ ਵੀ ਤਾਰਿਆ ਹੈ, ਪਿਛਲਾ ਲੇਖਾ ਨਹੀਂ ਪੁੱਛਿਆ ਤੇ ਜਿਸ ਨੂੰ ਵੀ ਤਾਰਿਆ ਹੈ, ਇਕੱਲੇ ਨੂੰ ਨਹੀਂ ਤਾਰਿਆ, ਉਸ ਨੂੰ ਇੰਨਾ ਸੌਦਾ ਦਿੱਤਾ ਹੈ ਕਿ ਅੱਗੋਂ ਸੌਦਾ ਵੰਡਣ ਵਾਲਾ ਬਣਾ ਦਿੱਤਾ ਹੈ।

*ਵੇਖੈ ਧਿਆਨੁ ਲਗਾਇ ਕਰਿ ਇਕੁ ਫਕੀਰੁ ਵਡਾ ਮਸਤਾਨਾ।*

*(ਵਾਰ: ੧, ਪਉੜੀ ੩੫)*

ਸਾਧ ਸੰਗਤ ਜੀ! ਸਾਡੀ ਭਾਵਨਾ ਬਣ ਜਾਵੇ ਕਿ ਤੇਰੇ ਵਰਗਾ ਤੂੰ ਹੀ ਹੈਂ। ਬਹੁਤ ਲੋੜ ਹੈ ਭਾਵਨਾ ਦੀ। ਮਹਾਰਾਜ ਜੀ ਨੇ ਇੱਥੋਂ ਤੱਕ ਕਿਹਾ ਹੈ:

*ਸਲੋਕੁ ॥*
*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥੧॥*

*(ਅੰਗ ੨੫੩)*

ਕੋਈ ਸੋਹਣਾ ਵੀ ਹੋਵੇ, ਚਤੁਰ ਵੀ ਹੋਵੇ, ਕੁਲੀਨ ਵੀ ਹੋਵੇ, ਗਿਆਨੀ ਵੀ ਹੋਵੇ, ਧਨਵੰਤ ਵੀ ਹੋਵੇ ਪਰ ਜੇ ਪ੍ਰੀਤ ਨਹੀਂ, ਭਾਵਨਾ ਨਹੀਂ ਆਈ ਤਾਂ ਅਜੇ ਮੁਰਦਾ ਹੀ ਹੈ। ਭਾਵਨਾ ਬਣਾਓ! ਫਿਰ ਕੋਈ ਹਨੇਰੀ ਤੁਹਾਨੂੰ ਤੋੜ ਨਹੀਂ ਸਕੇਗੀ, ਜੇ ਭਾਵਨਾ ਬਣ ਗਈ। ਤੁਹਾਡੇ ਵਿੱਚੋਂ ਜਿਸ ਦੀ ਭਾਵਨਾ ਬਣ ਜਾਵੇ, ਉਹ ਇਹ ਹੀ ਅਰਦਾਸ ਕਰੇਗਾ, ਅਗਲਾ ਜਨਮ ਵੀ ਦੇਣਾ ਹੈ ਤਾਂ ਉਸ ਮਾਂ ਘਰ ਦੇਈਂ ਜਿਹੜੀ ਜਨਮ ਤੋਂ ਹੀ ਜਪੁਜੀ ਸਾਹਿਬ ਨਾਲ ਜੋੜਨ ਵਾਲੀ ਹੋਵੇ ਇਸ ਦੀ ਬਹੁਤ ਲੋੜ ਹੈ।

ਗੁਰੂ ਸਾਹਿਬ ਆਪ ਹੀ ਕ੍ਰਿਪਾ ਕਰਨ, ਇਸੇ ਜਨਮ ਵਿੱਚ ਸਾਨੂੰ ਗੁਰੂ ਨਾਨਕ ਮਹਾਰਾਜ ਜੀ ਨੂੰ ਪਛਾਨਣ ਵਾਲੀ ਉਨ੍ਹਾਂ ਪ੍ਰਤੀ ਭਾਵਨਾ ਵਾਲੀ ਅੱਖ ਮਿਲ ਜਾਵੇ।

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵੱਲੋਂ

# ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਪਰਥਾਏ ਅਨੁਭਵੀ ਬਚਨ

(ਬਾਬਾ ਜੀ ਦਾ ਜਨਮ ਦਿਹਾੜਾ 23-10-2019)

*—ਬੀਬੀ ਹਰਵੀਨ ਕੌਰ (ਗਰੀਨ ਐਵੀਨਿਊ)*

ਬਾਬਾ ਬੁੱਢਾ ਸਾਹਿਬ ਜੀ ਨੇ ਜਦੋਂ ਗੁਰੂ ਨਾਨਕ ਮਹਾਰਾਜ ਜੀ ਦੇ ਦਰਸ਼ਨ ਕੀਤੇ, ਉਦੋਂ ਬਾਬਾ ਬੁੱਢਾ ਸਾਹਿਬ ਜੀ ਦੀ ਉਮਰ, ਛੇ ਦਿਨ ਘੱਟ ਬਾਰ੍ਹਾਂ ਸਾਲ ਦੀ ਸੀ। ਜਿਸ ਨੂੰ ਕਹਿ ਲਓ, ਗਿਆਰ੍ਹਾਂ ਸਾਲ, ਗਿਆਰ੍ਹਾਂ ਮਹੀਨੇ ਤੇ 24 ਦਿਨ। ਟੋਟਲ ਉਮਰ ਬਾਬਾ ਬੁੱਢਾ ਸਾਹਿਬ ਜੀ ਦੀ 125 ਸਾਲ। 125 ਸਾਲ ਵਿੱਚੋਂ 12 ਸਾਲ ਘਟਾ ਦਿਓ ਤੇ ਬਾਕੀ ਬਚੇ 113 ਸਾਲ। ਹੁਣ ਸਿਰ ਝੁਕਾਓ, 113 ਸਾਲ ਬਾਬਾ ਬੁੱਢਾ ਸਾਹਿਬ ਜੀ ਨੇ ਗੁਰੂ ਨਾਨਕ ਮਹਾਰਾਜ ਜੀ ਦੀ ਸਿੱਖੀ ਨੂੰ ਕਮਾਇਆ ਹੈ।

*ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।*

*(ਵਾਰ: ੧੯, ਪਉੜੀ ੧੨)*

ਇਹ ਸ੍ਰੀ ਨਾਨਕ ਪ੍ਰਕਾਸ਼ ਵਿੱਚ ਸਮਾਂ ਲਿਖਿਆ ਹੈ, ਜਦੋਂ ਮੇਲ ਹੋਇਆ ਹੈ, ਬਾਬਾ ਬੁੱਢਾ ਸਾਹਿਬ ਜੀ ਤੇ ਗੁਰੂ ਨਾਨਕ ਮਹਾਰਾਜ ਜੀ ਦਾ ਜਿਸ ਨਗਰ ਕੱਥੂਨੰਗਲ ਜਿੱਥੇ ਬਾਬਾ ਜੀ ਦਾ ਜਨਮ ਹੋਇਆ ਹੈ, ਉਸ ਦੇ ਕੋਲ ਹੀ ਜੰਗਲ ਹੈ ਤੇ ਦਰਖੱਤ ਦੇ ਥੱਲੇ ਮਹਾਰਾਜ ਜੀ ਬਿਰਾਜਮਾਨ ਹਨ :

*ਇਕ ਦਿਨ ਬਹਿਰ ਬਿਰਛ ਕੀ ਛਾਯਾ।*

*(ਸ੍ਰੀ ਨਾਨਕ ਪ੍ਰਕਾਸ਼)*

ਦਰੱਖਤ ਦੀ ਛਾਇਆ ਥੱਲੇ ਮਹਾਰਾਜ ਜੀ ਬੈਠੇ ਹਨ, ਗੁਰੂ ਨਾਨਕ ਸਾਹਿਬ।

*ਬੈਠਿ ਰਹੇ ਗੁਰ ਸਹਿਜ ਸੁਭਾਯਾ ॥੨॥*

*(ਸ੍ਰੀ ਨਾਨਕ ਪ੍ਰਕਾਸ਼)*

ਸਹਿਜ ਸੁਭਾਅ ਬੈਠੇ ਹਨ, ਗੁਰੂ ਨਾਨਕ ਸਾਹਿਬ।

*ਬਾਰਿਕ ਅਜਾ ਚਰਾਵਤਿ ਆਵਾ।*

*(ਸ੍ਰੀ ਨਾਨਕ ਪ੍ਰਕਾਸ਼)*

ਅਜਾ ਕਹਿੰਦੇ ਹਨ, ਬੱਕਰੀਆਂ ਨੂੰ। ਚਰਾਵਤਿ, ਚਰਾ ਰਹੇ ਸੀ। ਬਾਰਿਕ ਕਿਹਾ ਹੈ, ਬਾਬਾ ਬੁੱਢਾ ਸਾਹਿਬ ਜੀ। 12 ਸਾਲ ਤੋਂ 6 ਦਿਨ ਘੱਟ ਉਮਰ ਤੇ ਬੱਕਰੀਆਂ ਚਾਰਦੇ ਪਏ ਹਨ।

*ਬਾਰਿਕ ਅਜਾ ਚਰਾਵਤਿ ਆਵਾ।*
*ਜਗਨ ਲਗਯੋ ਜਿਹ ਭਾਗ ਸੁਹਾਵਾ।*

*(ਸ੍ਰੀ ਨਾਨਕ ਪ੍ਰਕਾਸ਼)*

ਸੁਹਾਵੇ ਭਾਗ ਜਿਹੜੇ ਹਨ, ਬੱਚੇ ਦੇ ਜਗਣ ਲੱਗੇ ਹਨ, ਸਮਾਂ ਬਣ ਗਿਆ ਹੈ।

ਬਾਬਾ ਬੁੱਢਾ ਸਾਹਿਬ ਜੀ ਬੱਕਰੀਆਂ ਚਰਾ ਰਹੇ ਹਨ, ਦੂਰੋਂ ਦਰਸ਼ਨ ਹੋ ਰਹੇ ਹਨ ਗੁਰੂ ਨਾਨਕ ਸਾਹਿਬ ਜੀ ਦੇ ਅਤੇ ਭਾਈ ਬਾਲਾ ਜੀ ਤੇ ਭਾਈ ਮਰਦਾਨਾ ਜੀ ਦਰੱਖਤ ਦੇ ਥੱਲੇ ਥੜ੍ਹਾ ਹੈ ਉੱਥੇ ਬਿਰਾਜਮਾਨ ਹਨ। ਬਾਬਾ ਜੀ ਦੂਰੋਂ ਦਰਸ਼ਨ ਕਰਦੇ ਜਿਵੇਂ ਮਨ ਨੂੰ ਠੰਢ ਪੈਂਦੀ ਹੈ। ਇਸੇ ਤਰ੍ਹਾਂ ਦੂਸਰੇ ਦਿਨ ਵੀ ਦਰਸ਼ਨ ਕੀਤੇ ਦੂਰੋਂ ਬੜੀ ਸ਼ਾਂਤੀ ਬੜੀ ਠੰਢ ਪਈ। ਫਿਰ ਤੀਸਰੇ ਦਿਨ ਮਾਤਾ ਜੀ ਨੂੰ ਬਾਬਾ ਬੁੱਢਾ ਸਾਹਿਬ ਜੀ ਕਹਿਣ ਲੱਗੇ ਕਿ ਮਾਤਾ ਜੀ ਪਿੰਡ ਵਿੱਚ ਤਿੰਨ ਫਕੀਰ ਦਰੱਖਤ ਥੱਲੇ ਬੈਠੇ ਹਨ ਉਨ੍ਹਾਂ ਦੇ ਦਰਸ਼ਨਾਂ ਵਿੱਚ ਬੜੀ ਕਸ਼ਿਸ਼ ਹੈ ਤੇ ਅੱਜ ਮੇਰਾ ਦਿਲ ਕਰਦਾ ਹੈ ਮੈਂ ਨੇੜੇ ਹੋ ਕਿ ਉਨ੍ਹਾਂ ਨੂੰ ਮਿਲਾ ਤੇ ਮੈਨੂੰ ਮਾਤਾ ਜੀ ਕੁਝ ਦੇ ਦਿਓ ਮੈਂ ਖਾਲੀ ਹੱਥ ਨਾ

ਜਾਵਾਂ ਉਨ੍ਹਾਂ ਕੋਲ। ਬਾਬਾ ਬੁੱਢਾ ਸਾਹਿਬ ਜੀ ਨੇ ਅੱਜ ਹਿੰਮਤ ਕੀਤੀ ਨੇੜੇ ਹੋ ਕੇ ਨਮਸ਼ਕਾਰ ਕੀਤੀ ਤੇ ਦੋ ਪ੍ਰਸ਼ਾਦੇ ਬੜੀ ਸ਼ਰਧਾ ਭਾਵਨਾ ਨਾਲ ਤਿਆਰ ਕੀਤੇ ਗੁਰੂ ਨਾਨਕ ਸਾਹਿਬ ਜੀ ਦੇ ਅੱਗੇ ਰੱਖੇ। ਸੱਚੇ ਪਾਤਸ਼ਾਹ ਜੀ ਨੇ ਦੋਵੇਂ ਪ੍ਰਸ਼ਾਦੇ ਹੱਥ ਵਿੱਚ ਲੈ ਲਏ ਤੇ ਅੱਧਾ ਪ੍ਰਸ਼ਾਦਾ ਭਾਈ ਬਾਲਾ ਜੀ ਨੂੰ ਦੇ ਦਿੱਤਾ, ਅੱਧਾ ਪ੍ਰਸ਼ਾਦਾ ਭਾਈ ਮਰਦਾਨਾ ਜੀ ਨੂੰ ਦੇ ਦਿੱਤਾ ਤੇ ਅੱਧਾ ਬਾਬਾ ਬੁੱਢਾ ਸਾਹਿਬ ਜੀ ਨੂੰ ਤੇ ਅੱਧਾ ਪ੍ਰਸ਼ਾਦਾ ਆਪ ਲਿਆ ਤੇ ਇਸ਼ਾਰਾ ਕੀਤਾ ਕਿ ਛਕ ਲਓ ਛਕਣ ਤੋਂ ਬਾਅਦ ਗੁਰੂ ਨਾਨਕ ਸੱਚੇ ਪਾਤਸ਼ਾਹ ਜੀ ਕਹਿਣ ਲੱਗੇ, ਅਸੀਂ ਤ੍ਰਿਪਤ ਹੋ ਗਏ ਹਾਂ। ਬਾਬਾ ਬੁੱਢਾ ਸਾਹਿਬ ਜੀ ਦੀ 12 ਸਾਲ ਉਮਰ ਤੇ ਮੁੱਖ ਵਿੱਚੋਂ ਬੋਲੇ ਬਾਬਾ ਨਾਨਕ ਜੀ ਪ੍ਰਸ਼ਾਦਾ ਛਕਣ ਨਾਲ ਭੁੱਖ ਤ੍ਰਿਪਤ ਹੁੰਦੀ ਹੈ ਪਰ ਮਨ ਕਿਵੇਂ ਤ੍ਰਿਪਤ ਹੋਵੇ? ਜਦੋਂ ਇੰਨੀ ਗੱਲ ਕੀਤੀ ਗੁਰੂ ਨਾਨਕ ਸਾਹਿਬ ਕਹਿਣ ਲੱਗੇ, ਇਹ ਤੇ ਦੂਜਾ ਗਾਹਕ ਹੈ। ਇਹ ਤੇ ਅਵਸਥਾ ਵਾਲਾ ਬੱਚਾ ਹੈ ਕਾਕਾ ਇੱਕ ਵਾਰੀ ਫਿਰ ਬੋਲ ਬਾਬਾ ਬੁੱਢਾ ਜੀ ਨੇ ਬੇਨਤੀ ਕੀਤੀ ਬਾਬਾ ਨਾਨਕ ਜੀ ਪ੍ਰਸ਼ਾਦਾ ਛਕਣ ਨਾਲ ਭੁੱਖ ਤ੍ਰਿਪਤ ਹੁੰਦੀ ਹੈ ਮਨ ਕਿਵੇਂ ਤ੍ਰਿਪਤ ਹੋਵੇ ਉਸ ਸਮੇਂ ਉਸ ਵੇਲੇ ਉਹ ਬਖਸ਼ਿਸ਼ ਦਾ ਵੇਲਾ ਸੀ। ਗੁਰੂ ਨਾਨਕ ਸਾਹਿਬ ਜੀ ਨੇ ਅੰਮ੍ਰਿਤ ਭਰੇ ਨੇਤਰਾਂ ਨਾਲ ਬਾਬਾ ਜੀ ਵੱਲ ਦੇਖਿਆ ਦਾਤ ਦੇ ਦਿੱਤੀ ਮੁੱਖ 'ਚੋਂ ਆਖਿਆ ਕਾਕਾ ਉਮਰ ਤਾਂ ਤੇਰੀ ਛੋਟੀ ਹੈ ਪਰ ਗੱਲਾਂ ਤੂੰ ਬੁੱਢਿਆਂ ਵਰਗੀਆਂ ਕਰਦਾ ਹੈ ਨਾਲ ਹੀ ਉਹ ਦਾਤ ਦੇ ਦਿੱਤੀ, ਬਖਸ਼ਿਸ਼ ਕਰ ਦਿੱਤੀ ਉਸ ਦਾਤ ਨਾਲ, ਉਸ ਬਚਨ ਨਾਲ ਬਾਬਾ ਬੁੱਢਾ ਸਾਹਿਬ ਜੀ ਦੇ ਨਾਮ ਦੇ ਨਾਲ ਪ੍ਰਸਿੱਧ ਹੋਏ ਉਸ ਦਿਨ ਹੀ ਜਿਹੜੀਆਂ ਦੇਵ ਗੁਣੀ ਦਰਗਾਹੀ ਦਾਤਾਂ ਗੁਰੂ ਨਾਨਕ ਸਾਹਿਬ ਜੀ ਨੇ ਨੇਤਰਾਂ ਰਾਂਹੀ ਬਾਬਾ ਜੀ ਦੀ ਝੋਲੀ ਵਿੱਚ ਪਾ ਦਿੱਤੀਆਂ। ਬਾਬਾ ਬੁੱਢਾ ਸਾਹਿਬ ਜੀ ਖੁਸ਼ੀਆਂ ਲੈ ਕੇ ਇੰਝ ਘਰ ਨੂੰ ਗਏ।

ਉਹ 12 ਸਾਲ ਦਾ ਬਾਲਕ ਆਪਣੀਆਂ ਬੱਕਰੀਆਂ ਲੈ ਕੇ ਗਏ ਤੇ ਭਾਈ ਬਾਲਾ ਜੀ ਨੇ ਗੁਰੂ ਨਾਨਕ ਸਾਹਿਬ ਨੂੰ ਕੁਝ ਪੁੱਛਿਆ ਹੈ। ਦਾਸ ਨੂੰ ਪੜ੍ਹ ਕੇ ਬੜਾ ਅਨੰਦ ਆਇਆ ਹੈ। ਸ਼ਾਇਦ ਤੁਹਾਨੂੰ ਵੀ ਅਨੰਦ ਆਵੇਗਾ।

ਬਾਬਾ ਬੁੱਢਾ ਸਾਹਿਬ ਜੀ, 12 ਸਾਲ ਦੀ ਉਮਰ, ਬੱਕਰੀਆਂ ਲਈਆਂ ਤੇ ਘਰ ਨੂੰ ਚੱਲ ਪਏ। ਉਸੇ ਦਰੱਖਤ ਥੱਲੇ ਭਾਈ ਬਾਲਾ ਜੀ ਪੁੱਛਦੇ ਹਨ, ਗੁਰੂ ਨਾਨਕ ਸਾਹਿਬ ਨੂੰ ਇਹ ਬਾਲਕ ਕੌਣ ਹੈ? ਬੁਲਾਇਆ ਵੀ ਹੈ, ਪੁੱਛਿਆ ਵੀ ਹੈ, ਪਿੰਡ ਕਿਹੜਾ ਹੈ, ਨਾਂ ਕੀ ਹੈ, ਮਾਤਾ-ਪਿਤਾ ਦਾ ਨਾਂ, ਇਹ ਬਾਲਕ ਕੌਣ ਹੈ? ਮਹਾਰਾਜ ਜੀ। ਜ਼ਰਾ ਧਿਆਨ ਦੇਣਾ। ਬੜਾ ਡੂੰਘਾ ਪ੍ਰਸ਼ਨ ਇਤਿਹਾਸ ਵਿੱਚ ਲਿਖਿਆ ਹੈ। ਗੁਰੂ ਨਾਨਕ ਸਾਹਿਬ ਕਹਿੰਦੇ, ਬਾਲਾ ਜੀ, ਇਸ ਬਾਲਕ ਦਾ ਦੀਵਾ ਵੀ ਤਿਆਰ ਹੈ, ਬੱਤੀ ਵੀ ਤਿਆਰ ਹੈ, ਤੇਲ ਵੀ ਪਿਆ ਹੈ। ਤਿੰਨੇ ਚੀਜ਼ਾਂ ਤਿਆਰ ਹਨ। ਸਿਰਫ ਜਗਾਉਣ ਦੀ ਲੋੜ ਹੈ। ਪਿਛਲੇ ਜਨਮ ਦੀਆਂ ਕਮਾਈਆਂ ਨੇ।

ਇਸ ਦਾ ਇਸ਼ਾਰਾ ਲੈ ਲੈਣਾ ਕਿ ਪਿਛਲੇ ਜਨਮ ਵਿੱਚ ਇੰਨੀ ਕਮਾਈ ਕੀਤੀ ਹੋਈ ਹੈ, ਦੀਵਾ ਵੀ ਤਿਆਰ ਹੈ, ਬੱਤੀ ਵੀ ਤਿਆਰ ਹੋ ਗਈ ਹੈ, ਪ੍ਰੇਮ ਦਾ ਤੇਲ ਵੀ ਪਿਆ ਹੈ। ਇਸ ਜਨਮ ਵਿੱਚ ਸਿਰਫ ਜਗਣਾ ਹੀ ਹੈ। ਭਾਈ ਬਾਲਾ ਜੀ ਕਹਿੰਦੇ, ਬਾਬਾ ਜੀ, ਜਦੋਂ ਇਸ ਬਾਲਕ ਦਾ ਦੀਵਾ ਜਗੇਗਾ ਕੀ ਮੈਨੂੰ ਵੀ ਨਜ਼ਰ ਆਵੇਗਾ? ਅੱਗੋਂ ਗੁਰੂ ਨਾਨਕ ਸਾਹਿਬ ਕਹਿੰਦੇ, ਬਾਲਾ ਜੀ, ਇਸ ਬਾਲਕ ਦਾ ਜਦੋਂ ਦੀਵਾ ਜਗੇਗਾ, ਸਾਰੇ ਸੰਸਾਰ ਨੂੰ ਨਜ਼ਰ ਆਵੇਗਾ। ਬਾਲਾ ਜੀ ਕਹਿੰਦੇ, ਇੰਨੀ ਕਮਾਈ ਵਾਲੇ ਬਾਲਕ ਦੇ ਦਰਸ਼ਨ ਕਰਵਾਏ ਹਨ, ਦੀਵਾ ਵੀ ਤਿਆਰ, ਬੱਤੀ ਵੀ ਤਿਆਰ, ਤੇਲ ਵੀ ਪਿਆ ਹੈ, ਸਿਰਫ ਜਗਣਾ ਹੀ ਹੈ, ਇਸ ਜਨਮ ਵਿੱਚ। ਮੈਂ ਪੁੱਛਿਆ ਹੈ ਕਿ ਮੈਨੂੰ ਵੀ ਨਜ਼ਰ ਆਵੇਗਾ ਤੇ ਤੁਸੀਂ ਕਿਹਾ ਕਿ ਸਾਰੇ ਸੰਸਾਰ ਨੂੰ ਨਜ਼ਰ ਆਵੇਗਾ। ਫਿਰ ਭਾਈ ਬਾਲਾ ਜੀ ਕਹਿੰਦੇ ਇੱਕ ਗੱਲ ਹੋਰ ਦੱਸ ਦਿਓ, ਮਹਾਰਾਜ ਜੀ, ਇਹ ਦੀਵਾ ਕਦੋਂ ਤੱਕ ਜਗੇਗਾ? ਕਿੰਨਾ ਕੁ ਚਿਰ ਜਗੇਗਾ?

ਪੰਜਾਹ ਸਾਲ, ਸੌ ਸਾਲ, ਦੋ ਸੌ ਸਾਲ। ਗੁਰੂ ਨਾਨਕ ਸਾਹਿਬ ਕਹਿੰਦੇ, ਬਾਲਾ ਜੀ, ਇਸ ਬਾਲਕ ਦੀ ਇੰਨੀ ਕਮਾਈ ਹੈ ਕਿ ਜਦ ਤੱਕ ਸ੍ਰਿਸ਼ਟੀ ਰਹੇਗੀ, ਇਹ ਦੀਵਾ ਜਗਦਾ ਹੀ ਰਹੇਗਾ।

*ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ।*

ਅਗਲੇ ਦਿਨ, ਹੁਣ ਰਾਤੀਂ ਜੋ ਬੀਤਿਆ, ਨੀਂਦ ਹੀ ਨਹੀਂ ਪਈ। ਰੰਗ ਲੱਗੇ ਪਏ ਹਨ। ਬਾਬਾ ਬੁੱਢਾ ਸਾਹਿਬ ਜੀ ਉਡੀਕਦੇ ਪਏ ਹਨ, ਕਦੋਂ ਅੰਮ੍ਰਿਤ ਵੇਲਾ ਹੋਵੇ ਤੇ ਉਸ ਫਕੀਰ ਦੇ ਚਰਨਾਂ ਵਿੱਚ ਫਿਰ ਜਾਵਾਂ। ਧਿਆਨ ਦੇਣ ਵਾਲਾ ਬਚਨ ਹੈ।

*ਬਹੁਰੋ ਭੋਰ ਜਬੈ ਹੋਇ ਆਈ।*
*ਮਾਖਨ ਬਾਸਨ ਲੀਨ ਉਚਾਈ।*

*(ਸ੍ਰੀ ਨਾਨਕ ਪ੍ਰਕਾਸ਼)*

ਭੋਰ ਕਹਿੰਦੇ ਹਨ, ਅੰਮ੍ਰਿਤ ਵੇਲੇ ਨੂੰ। ਬਾਬਾ ਬੁੱਢਾ ਸਾਹਿਬ ਜੀ ਉੱਠੇ, 12 ਸਾਲ ਉਮਰ, ਇਸ਼ਨਾਨ ਪਾਣੀ ਕੀਤਾ। ਤੇ ਮੱਖਣ ਦਾ ਡੱਬਾ ਲਿਆ, ਬਾਬਾ ਬੁੱਢਾ ਸਾਹਿਬ ਜੀ ਨੇ। ਹੁਣ ਦਾਸ ਨੂੰ ਕਹਿਣਾ ਪੈ ਰਿਹਾ ਹੈ, ਧਿਆਨ ਦੇਣਾ :

*ਮਾਤ ਪਿਤਾ ਤੇ ਕਰਿ ਕੈ ਚੋਰੀ।*

*(ਸ੍ਰੀ ਨਾਨਕ ਪ੍ਰਕਾਸ਼)*

ਮਾਤਾ ਪਿਤਾ ਨੂੰ ਬਿਨ੍ਹਾਂ ਪੁੱਛੇ ਮੱਖਣ ਲੈ ਲਿਆ ਡੱਬੇ ਵਿੱਚ :

*ਮਾਤ ਪਿਤਾ ਤੇ ਕਰਿ ਕੈ ਚੋਰੀ।*
*ਸਟਕਯੋ ਘਰ ਤੇ ਪ੍ਰਭੁ ਜਿਸ ਠੌਰੀ॥੧੯॥*

*(ਸ੍ਰੀ ਨਾਨਕ ਪ੍ਰਕਾਸ਼)*

ਸਟਕਯੋ ਕਹਿੰਦੇ, ਘਰ ਤੋਂ ਨਿਕਲ ਪਏ? ਕਿਧਰ ਨੂੰ। ਜਿਧਰ ਨੂੰ ਗੁਰੂ ਨਾਨਕ ਮਹਾਰਾਜ ਜੀ ਵਾਹਿਗੁਰੂ ਦਾ ਰੂਪ ਬੈਠੇ ਹਨ। ਅੱਗੇ ਗਏ। ਕੀਰਤਨ ਹੋ ਰਿਹਾ ਹੈ, ਬਾਬਾ ਜੀ ਵੀ ਬੈਠ ਗਏ। ਭੋਗ ਪਿਆ ਹੈ। ਜਿਹੜਾ ਮੱਖਣ ਦਾ ਡੱਬਾ ਘਰੋਂ ਲਿਆਂਦਾ। ਗੁਰੂ ਨਾਨਕ ਮਹਾਰਾਜ ਜੀ ਅੱਗੇ ਰੱਖਿਆ, ਮੱਖਣ ਦਾ ਡੱਬਾ ਤੇ ਮਹਾਰਾਜ ਜੀ ਪੁੱਛਦੇ ਹਨ, ਬੱਚਿਆ ਕੀ ਲਿਆਇਆ ਹੈਂ? ਕਹਿਣ ਲੱਗੇ, ਮੱਖਣ ਲੈ ਕੇ ਆਇਆ ਹਾਂ, ਡੱਬੇ ਵਿੱਚ। ਗੁਰੂ ਨਾਨਕ ਸਾਹਿਬ ਕਹਿੰਦੇ ਹਨ, ਕਿਉਂ ਲੈ ਕੇ ਆਇਆ ਹੈਂ? ਮੱਖਣ ਕਿਉਂ ਲਿਆਂਦਾ ਹੈ? ਦਾਸ ਨੂੰ ਇਸ ਬਚਨ ਤੋਂ ਬਹੁਤ ਗਿਆਨ ਮਿਲਿਆ ਤੇ ਤੁਸੀਂ ਵੀ ਲੈਣਾ।

*-ਦਰਸ ਸੰਤ ਗੁਰ ਛੂਛ ਨ ਜਾਨਾ-।*

*(ਸ੍ਰੀ ਨਾਨਕ ਪ੍ਰਕਾਸ਼)*

ਗੁਰੂ ਨਾਨਕ ਸਾਹਿਬ ਕਹਿੰਦੇ, ਮੱਖਣ ਕਿਉਂ ਲਿਆਇਆ ਹੈਂ? ਤੇ ਗੁਰੂ ਨਾਨਕ ਮਹਾਰਾਜ ਨੂੰ ਬਾਬਾ ਬੁੱਢਾ ਸਾਹਿਬ ਜੀ ਕਹਿੰਦੇ, ਮੈਂ ਕਿਤੋਂ ਸਿੱਖਿਆ ਹੈ ਕਿ ਜਦੋਂ ਗੁਰੂ ਸਾਹਿਬ ਜਾਂ ਸੰਤ ਮਹਾਂਪੁਰਸ਼ਾਂ ਦੇ ਦਰਸ਼ਨ ਕਰਨ ਵਾਸਤੇ ਜਾਈਏ ਤੇ ਖਾਲੀ ਹੱਥ ਨਹੀਂ ਜਾਈਦਾ।

*-ਦਰਸ ਸੰਤ ਗੁਰ ਛੂਛ ਨ ਜਾਨਾ-।*

*(ਸ੍ਰੀ ਨਾਨਕ ਪ੍ਰਕਾਸ਼)*

ਛੂਛ, ਖਾਲੀ ਨਹੀਂ ਜਾਈਦਾ।

*ਅਸ ਬਿਚਾਰ ਉਰ ਬਿਖੈ ਉਠਾਨਾ।'*

*(ਸ੍ਰੀ ਨਾਨਕ ਪ੍ਰਕਾਸ਼)*

ਇਹ ਵਿਚਾਰ ਕਰਕੇ ਮੈਂ ਫਿਰ ਮੱਖਣ ਲੈ ਕੇ ਆਇਆ ਹਾਂ। ਤੇ ਗੁਰੂ ਨਾਨਕ ਸਾਹਿਬ ਕਹਿੰਦੇ, ਇਹ ਜਿਹੜਾ ਮੱਖਣ ਲੈ ਕੇ ਆਇਆ ਹੈਂ, ਪੁੱਛ ਕੇ ਲਿਆਇਆ ਹੈਂ ਜਾਂ ਬਿਨ੍ਹਾਂ ਪੁੱਛੇ। ਕਹਿਣ ਲੱਗੇ ਕਿ ਘਰਦਿਆਂ ਤੋਂ ਬਿਨ੍ਹਾਂ ਪੁੱਛੇ ਹੀ ਲੈ ਕੇ ਆਇਆ ਹਾਂ। ਗੁਰੂ ਨਾਨਕ ਸਾਹਿਬ ਕਹਿੰਦੇ, ਵਾਪਸ ਲੈ ਜਾ। ਇਹ ਮੱਖਣ ਵਾਪਸ ਲੈ ਜਾ। ਕਿਉਂ ਲੈ ਜਾ? ਸ੍ਰੀ ਨਾਨਕ ਪ੍ਰਕਾਸ਼ ਦੀਆਂ ਪੰਕਤੀਆਂ ਹਨ :

*ਚੌਪਈ:*

*ਇਹ ਮਾਖਨ ਹਮ ਲੇਵਹਿਂ ਨਾਂਹੀ।*
*ਗਮਨਹੁ ਲੇ ਅਪਨੇ ਘਰ ਮਾਂਹੀ।*

*(ਸ੍ਰੀ ਨਾਨਕ ਪ੍ਰਕਾਸ਼)*

ਗਮਨਹੁ, ਆਪਣੇ ਘਰ ਵਾਪਸ ਲੈ ਜਾ। ਕਹਿਣ ਲੱਗੇ, ਮਹਾਰਾਜ ਜੀ, ਵਾਪਸ ਕਿਉਂ ਖੜ੍ਹਾਂ ਤੇ ਮਹਾਰਾਜ

ਜੀ ਕਹਿੰਦੇ, ਜੇ ਤੂੰ ਵਾਪਸ ਨਹੀਂ ਖੜ੍ਹੇਂਗਾ, ਮਾਤਾ-ਪਿਤਾ ਨੂੰ ਪਤਾ ਲੱਗ ਗਿਆ ਤੇ ਤੈਨੂੰ ਮਾਰ ਪਵੇਗੀ। ਹੁਣ ਸੁਣਨ ਵਾਲਾ ਬਚਨ ਹੈ। ਬਾਬਾ ਬੁੱਢਾ ਸਾਹਿਬ ਜੀ ਕਹਿੰਦੇ, ਜਿਹੜੀ ਮਾਤਾ-ਪਿਤਾ ਦੀ ਮਾਰ ਉਹ ਤਾਂ ਬਾਅਦ ਵਿੱਚ ਪੈਣੀ ਹੈ ਪਰ ਗੁਰੂ ਨਾਨਕ ਸਾਹਿਬ, ਤੁਸੀਂ ਉਸ ਤੋਂ ਪਹਿਲਾਂ ਹੀ ਮੈਨੂੰ ਮਾਰ ਦਿੱਤਾ ਹੈ, ਇਹ ਕਹਿ ਕੇ ਮੱਖਣ ਵਾਪਸ ਲੈ ਜਾ। ਮੈਂ ਨਹੀਂ ਖੜ੍ਹਨਾ।

ਚੌਪਈ:

*ਇਹ ਮਾਖਨ ਹਮ ਲੇਵਹਿਂ ਨਾਂਹੀ।*
*ਗਮਨਹੁ ਲੇ ਅਪਨੇ ਘਰ ਮਾਂਹੀ।*
*ਸੁਨਿ ਕੈ ਬੂੜਾ ਰੋਵਨ ਲਾਗਾ।*
*ਪ੍ਰੇਮ ਬਿਰਹ ਉਰ ਅੰਤਰ ਜਾਗਾ।*
*'ਮਾਰਹਿਂ ਮਾਤ ਪਿਤਾ ਮੁਝ ਕਬਿ ਹੀ।*
*ਤੁਮ ਮਾਰਤਿ ਹੋ ਮੋ ਕੋ ਅਬ ਹੀ'॥੨੭॥*

*(ਸ੍ਰੀ ਨਾਨਕ ਪ੍ਰਕਾਸ਼)*

ਮਹਾਰਾਜ ਜੀ, ਜੇ ਮੇਰੇ ਦੀਵੇ ਨੂੰ ਜਗਾਇਆ ਹੈ ਤੇ ਹੋਰ ਜਗਾਓ। ਇੰਝ ਕਿਉਂ ਮਾਰ ਰਹੇ ਹੋ। ਇਸ ਦੀਵੇ ਨੂੰ ਹੋਰ ਜਗਾਓ, ਹੋਰ ਰੰਗ ਲਾਓ। ਬਾਬਾ ਬੁੱਢਾ ਜੀ ਨੇ ਇੰਨਾ ਵੈਰਾਗ ਕੀਤਾ, ਕਿ ਹੇ ਗਰੀਬ ਨਿਵਾਜ! ਇਸ ਤੋਂ ਵੱਡੀ ਮਾਰ ਮੇਰੇ ਲਈ ਕੋਈ ਨਹੀਂ ਕਿ ਤੁਸੀਂ ਮੈਨੂੰ ਕਹੋ ਕਿ ਮੱਖਣ ਵਾਪਸ ਲੈ ਜਾ। ਤੁਸੀਂ ਮੁੱਖ ਮੋੜੋ।

*'ਮਾਰਹਿਂ ਮਾਤ ਪਿਤਾ ਮੁਝ ਕਬਿ ਹੀ।*
*ਤੁਮ ਮਾਰਤਿ ਹੋ ਮੋ ਕੋ ਅਬ ਹੀ'॥੨੭॥*
*'ਸੁਨਹੁ ਪ੍ਰਭੂ ਜਸ ਮਾਰਜੋ ਮੋਹੀ।*
*ਇਸ ਤੇ ਵਡੀ ਮਾਰ ਨਹਿਂ ਹੋਹੀ।*

*(ਸ੍ਰੀ ਨਾਨਕ ਪ੍ਰਕਾਸ਼)*

ਬਾਬਾ ਬੁੱਢਾ ਸਾਹਿਬ ਜੀ ਕਹਿੰਦੇ, ਮੇਰਾ ਦੀਵਾ ਹੋਰ ਜਗਾਓ, ਜਿਹੜਾ ਜਗਾਇਆ ਹੈ। ਜਦੋਂ ਬਾਬਾ ਬੁੱਢਾ ਸਾਹਿਬ ਦੇ ਮੁੱਖ ਵਿੱਚੋਂ ਨਿਕਲਿਆ :

*ਬਾਰਜੋ ਦੀਪਕ, ਦਿਪਤਿ ਪ੍ਰਕਾਸ਼ਾ।*

*(ਸ੍ਰੀ ਨਾਨਕ ਪ੍ਰਕਾਸ਼)*

ਅੱਗੋਂ ਗੁਰੂ ਨਾਨਕ ਸਾਹਿਬ ਕਹਿੰਦੇ, ਇੰਨੀਆਂ ਡੂੰਘੀਆਂ ਗੱਲਾਂ। ਹੈ ਤਾਂ 12 ਸਾਲ ਦਾ ਬੱਚਾ ਪਰ ਗੱਲਾਂ ਬੁੱਢਿਆਂ ਵਰਗੀਆਂ ਕਰਦਾ ਹੈਂ:

*'ਬੂਢੇ ਬਡੇ ਸਮਾਨ, ਬਾਤੈਂ ਤੂੰ ਮੁਖ ਤੇ ਕਹੈਂ'॥੩੧॥*

*(ਸ੍ਰੀ ਨਾਨਕ ਪ੍ਰਕਾਸ਼)*

ਗੁਰੂ ਨਾਨਕ ਸਾਹਿਬ ਨੇ ਬਾਬਾ ਬੁੱਢਾ ਸਾਹਿਬ ਜੀ ਨੂੰ ਖੁਸ਼ੀਆਂ ਦੇ ਦਿੱਤੀਆਂ, ਹੁਣ ਨਾਲ ਹੀ ਰਹਿੰਦੇ ਹਨ। ਰਮਦਾਸ ਦੇ ਕੋਲ ਗੁਰੂ ਨਾਨਕ ਮਹਾਰਾਜ ਜੀ ਨੇ ਕੁਝ ਬਚਨ ਖੁਸ਼ ਹੋ ਕੇ ਬਾਬਾ ਜੀ ਨੂੰ ਕਹੇ, ਧਿਆਨ ਦੇਣਾ ਜ਼ਰਾ। ਪਹਿਲਾ ਬਚਨ ਕਿਹਾ, ਦੇਵ ਗੁਣ ਦੀ ਇਹ ਧਰਤੀ ਤੁਹਾਨੂੰ ਬਖਸ਼ੀ। ਇੱਥੇ ਬਹੁਤ ਜਪ-ਤਪ ਹੈ, ਦੇਵ ਗੁਣਾਂ ਦੀ ਧਰਤੀ ਹੈ, ਇਹ ਤੁਹਾਨੂੰ ਬਖਸ਼ੀ, ਇਹ ਤੁਹਾਡੇ ਲਈ ਹੈ। ਦੂਜਾ ਬਚਨ ਕੀਤਾ, ਬਾਬਾ ਬੁੱਢਾ ਸਾਹਿਬ ਜੀ ਨੂੰ, ਅਜੇ ਬਾਲ ਅਵਸਥਾ ਹੈ, ਕਹਿੰਦੇ, ਬਾਬਾ ਬੁੱਢਾ ਸਾਹਿਬ ਜੀ, ਤੁਹਾਡੇ ਤੇ ਇੰਨੀ ਕਿਰਪਾ ਹੋਵੇਗੀ, ਤੁਸੀਂ ਸਾਡਾ ਛੇਠਾ ਰੂਪ ਵੀ ਵੇਖੋਗੇ। ਛੇਠਾ ਦਾ ਮਤਲਬ ਛੇਵਾਂ। ਤੁਹਾਡੇ ਤੇ ਇੰਨੀ ਕਿਰਪਾ ਹੋਵੇਗੀ, ਤੁਸੀਂ ਸਾਡੇ ਛੇਵੇਂ ਰੂਪ ਦੇ ਵੀ ਦਰਸ਼ਨ ਕਰੋਗੇ। ਤੀਜਾ ਬਚਨ ਕੀਤਾ, ਕਹਿੰਦੇ, ਤੁਹਾਡੀ ਸਾਰੀ ਵੰਸ਼ ਵਿੱਚ ਸਿੱਖੀ ਸਦਾ ਰਹੇਗੀ। ਇਹ ਚੀਜ਼ਾਂ ਧਿਆਨ ਦੇਣ ਵਾਲੀਆਂ ਹਨ। ਇਹ ਚੀਜ਼ਾ ਪਤਾ ਹੋਣ ਤੇ ਫਿਰ ਬੰਦਾ ਮੰਗਦਾ ਹੈ ਕਿ ਮੇਰੀ ਵੰਸ਼ ਤੇ ਵੀ ਕਿਰਪਾ ਰਵ੍ਹੇ। ਫਿਰ ਆਪਣੀ ਬੱਚੀ ਲਈ ਕੋਈ ਹੋਰ ਘਰ ਨਹੀਂ ਵੇਖੋਗੇ, ਗੁਰੂ ਕੇ ਸਿੱਖ ਦਾ ਹੀ ਘਰ ਵੇਖੋਗੇ, ਮੇਰਾ ਬੇਟਾ ਜਾਂ ਬੇਟੀ ਹੈ, ਸਿੱਖੀ ਤੋਂ ਬਾਹਰ ਕਿਤੇ ਹੋਰ ਵਿਆਹੇ ਗਏ ਤੇ ਸਿੱਖੀ ਤਾਂ ਖਤਮ ਹੋ ਗਈ।

ਗੁਰੂ ਨਾਨਕ ਮਹਾਰਾਜ ਜੀ ਕਹਿੰਦੇ, ਤੁਹਾਡੀ ਵੰਸ਼ ਵਿੱਚ ਸਦਾ ਸਿੱਖੀ ਰਹੇਗੀ। ਚੌਥਾ ਬਚਨ ਵੀ ਧਿਆਨ ਦੇਣ ਵਾਲਾ ਹੈ। ਗੁਰੂ ਨਾਨਕ ਮਹਾਰਾਜ ਜੀ ਕਹਿੰਦੇ, ਬਾਬਾ ਬੁੱਢਾ ਸਾਹਿਬ ਜੀ, ਤੁਹਾਡੇ ਤੇ ਖੁਸ਼ ਹਾਂ। ਬੜੇ-ਬੜੇ ਗਿਆਨੀ ਤੇ ਬੜੇ-ਬੜੇ ਸਿਆਣੇ ਲੋਕ ਤੁਹਾਡੀ ਬਰਾਬਰੀ ਨਹੀਂ ਕਰ ਸਕਣਗੇ, ਝੁਕਣਗੇ ਤੁਹਾਡੇ ਅੱਗੇ।

ਕੈਸੀਆਂ ਖੁਸ਼ੀਆਂ। ਬੜੇ-ਬੜੇ ਗਿਆਨੀ, ਪੜ੍ਹੇ ਲਿਖੇ ਤੁਹਾਡਾ ਪ੍ਰਤਾਪ ਸਾਦੇਪੰਨ ਵਿੱਚ ਇੰਨਾ ਹੋਵੇਗਾ, ਬੜੇ-ਬੜੇ ਗਿਆਨੀ ਤੇ ਸਿਆਣੇ ਵੀ ਤੁਹਾਡੀ ਬਰਾਬਰੀ ਨਹੀਂ ਕਰ ਸਕਣਗੇ, ਤੁਹਾਡੇ ਕੋਲ ਭਿੱਜੀ ਭਗਤੀ ਹੈ। ਤੁਹਾਡੇ ਅੱਗੇ ਝੁਕਣਗੇ। ਇਹ ਗੱਲਾਂ ਸਮਝਣਾ।

ਗੁਰੂ ਨਾਨਕ ਸਾਹਿਬ ਬਾਬਾ ਬੁੱਢਾ ਸਾਹਿਬ ਜੀ ਨੂੰ ਕਹਿੰਦੇ, ਵਿਆਹ ਕਰਵਾਓ। ਬਾਬਾ ਜੀ ਕਹਿੰਦੇ, ਨਹੀਂ ਕਰਵਾਉਣਾ। ਮਾਤਾ-ਪਿਤਾ ਵੀ ਕਹਿਣ, ਵਿਆਹ ਕਰਨਾ ਹੈ। ਬਾਬਾ ਬੁੱਢਾ ਸਾਹਿਬ ਜੀ ਕਹਿੰਦੇ, ਨਹੀਂ ਕਰਵਾਉਣਾ। ਹੁਣ ਇਹ ਬਚਨ ਧਿਆਨ ਦੇਣ ਵਾਲੇ ਹਨ। ਗੁਰੂ ਨਾਨਕ ਮਹਾਰਾਜ ਜੀ ਨੇ ਬਾਬਾ ਬੁੱਢਾ ਸਾਹਿਬ ਨੂੰ ਕੀ ਆਖਿਆ, ਕਹਿੰਦੇ, ਵਿਆਹ ਕਰਵਾਉਣਾ ਸਿੱਖ ਧਰਮ ਦੇ ਅੰਦਰ ਪ੍ਰਵਾਨ ਹੈ। ਬਾਬਾ ਜੀ, ਇਹ ਪ੍ਰਵਾਨ ਹੈ। ਦੂਸਰਾ ਬਚਨ ਕੀਤਾ, ਤੁਸੀਂ ਗ੍ਰਿਹਸਥੀ ਵਿੱਚ ਰਹਿ ਕੇ ਮਾਇਆ ਤੋਂ ਉਦਾਸ ਹੋ ਕੇ ਕਰਤਾਰ ਨੂੰ ਪ੍ਰਾਪਤ ਕਰੋਗੇ।

ਕੁਝ ਇਤਿਹਾਸਕਾਰਾਂ ਨੇ ਲਿਖਿਆ ਹੈ, ਅਚਲ ਵਟਾਲੇ ਬਾਬਾ ਜੀ ਦਾ ਵਿਆਹ ਹੋਇਆ। ਬਾਬਾ ਜੀ ਦੀ ਧਰਮ ਸੁਪਤਨੀ ਦਾ ਨਾਂ ਆਇਆ ਹੈ, ਬੀਬੀ ਮਿਰੋਯਾ ਜੀ। ਜਦੋਂ ਵਿਆਹ ਕਰਵਾ ਕੇ ਆਏ, ਬਾਬਾ ਬੁੱਢਾ ਸਾਹਿਬ ਜੀ, ਕੱਥੂਨੰਗਲ ਤੇ ਗੁਰੂ ਨਾਨਕ ਮਹਾਰਾਜ ਜੀ ਉਦੋਂ ਕੱਥੂਨੰਗਲ ਤੋਂ ਗਏ ਹੋਏ ਸੀ ਕਿਤੇ ਹੋਰ ਅਤੇ ਬਾਬਾ ਬੁੱਢਾ ਸਾਹਿਬ ਜੀ ਦੀ ਧਰਮ ਸੁਪਤਨੀ ਨੇ ਪਹਿਲੇ ਪੈਰੀਂ ਹੱਥ ਮਾਤਾ ਸੁਲੱਖਣੀ ਜੀ ਦੇ ਲਗਾਇਆ। ਪਹਿਲੇ ਮੱਥਾ ਮਾਤਾ ਸੁਲੱਖਣੀ ਜੀ ਨੂੰ ਟੇਕਿਆ, ਫਿਰ ਮੱਥਾ ਆਪਣੀ ਸੱਸ ਨੂੰ ਟੇਕਿਆ। ਬਾਬਾ ਬੁੱਢਾ ਸਾਹਿਬ ਜੀ ਦੇ ਚਾਰ ਪੁੱਤਰ ਹੋਏ ਹਨ: ਭਾਈ ਸੁਧਾਰੀ ਜੀ, ਭਾਈ ਭਿਖਾਰੀ ਜੀ, ਭਾਈ ਮਹਿਮੂ ਜੀ, ਭਾਈ ਭਾਨਾ ਜੀ। ਚਾਰ ਸਪੁੱਤਰ ਬਾਬਾ ਜੀ ਦੇ ਹੋਏ ਔਰ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਚਾਰੇ ਪੁੱਤਰਾਂ ਦੇ ਨਾਂ ਜਿਹੜੇ ਹਨ, ਉਹ ਗੁਰੂ ਨਾਨਕ ਮਹਾਰਾਜ ਜੀ ਨੇ ਆਪ ਰੱਖੇ ਹਨ। ਕਿੰਨਾ ਪਿਆਰ ਦਿੰਦੇ ਹੋਣੇ ਹਨ, ਗੁਰੂ ਨਾਨਕ ਮਹਾਰਾਜ ਜੀ। ਬਾਬਾ ਜੀ ਕਹਿੰਦੇ ਹੋਣਗੇ, ਮਹਾਰਾਜ ਜੀ, ਵਿਆਹ ਕਰਵਾ ਦਿੱਤਾ ਹੈ, ਹੁਣ ਚਾਰ ਪੁੱਤਰ ਹੋਏ ਹਨ, ਚਾਰਾਂ ਦੇ ਨਾਂ ਰੱਖੋ। ਫਿਰ ਚਾਰਾਂ ਦੇ ਨਾਂ ਰੱਖੇ। ਹੁਣ ਵੇਖੋ! ਜਿਨ੍ਹਾਂ ਨੂੰ ਧੰਨ ਕਹਿ ਰਹੇ ਹੋ, ਛੇ ਪਾਤਸ਼ਾਹੀਆਂ ਤੱਕ ਜਿਹੜਾ ਤਿਲਕ, ਗੁਰਗੱਦੀ ਦੇਣ ਵੇਲੇ, ਉਹ ਬਾਬਾ ਬੁੱਢਾ ਸਾਹਿਬ ਜੀ ਆਪ ਰਸਮ ਕਰਦੇ ਸਨ।

ਇੱਕ ਵਾਰ ਪਿਆਰ ਵਿੱਚ ਬਾਬਾ ਬੁੱਢਾ ਸਾਹਿਬ ਜੀ ਕਹਿਣ ਲੱਗੇ, ਗੁਰੂ ਨਾਨਕ ਮਹਾਰਾਜ ਜੀ ਨੂੰ, ਇੱਕ ਬੇਨਤੀ ਕਰਨੀ ਹੈ। ਗੁਰੂ ਨਾਨਕ ਮਹਾਰਾਜ ਜੀ ਕਹਿੰਦੇ, ਦੱਸੋ, ਬਾਬਾ ਬੁੱਢਾ ਸਾਹਿਬ ਜੀ। ਕਹਿਣ ਲੱਗੇ, ਜਦੋਂ ਤੁਸੀਂ ਉਦਾਸੀ ਤੇ ਚਲੇ ਜਾਂਦੇ ਹੋ। ਮਹਾਰਾਜ ਜੀ ਉਦਾਸੀਆਂ ਤੇ ਜਾਂਦੇ ਸਨ, ਦੋ ਚਾਰ ਸਾਲ ਤੇ ਕਈ ਵਾਰੀ ਮਹਾਰਾਜ ਜੀ ਫਿਰ ਬੜਾ ਵਿਰਲਾਪ ਆ ਜਾਂਦਾ ਹੈ, ਦਰਸ਼ਨਾਂ ਦਾ, ਬੜਾ ਜ਼ਰੂਰੀ ਹੋ ਜਾਂਦਾ ਹੈ, ਆਪ ਜੀ ਨੂੰ ਕਿਵੇਂ ਮਿਲੀਏ? ਸਾਡੇ ਗੁਰੂ ਨਾਨਕ ਮਹਾਰਾਜ ਜੀ ਮੌਜ ਵਿੱਚ ਆ ਗਏ। ਕਹਿੰਦੇ, ਬਾਬਾ ਬੁੱਢਾ ਸਾਹਿਬ ਜੀ, ਮੈਂ ਜਿਹੜੀ ਉਦਾਸੀ ਤੇ ਮਰਜ਼ੀ ਜਾਵਾਂ, ਜਿਹੜੇ ਪ੍ਰਾਂਤ ਵਿੱਚ ਮਰਜ਼ੀ ਜਾਵਾਂ, ਤੁਸੀਂ ਇੱਕ ਚਿੱਤ ਹੋ ਕੇ ਜਿੱਥੇ ਵੀ ਸਾਨੂੰ ਯਾਦ ਕਰੋਗੇ, ਤੁਹਾਡੇ ਸਾਹਮਣੇ ਖੜ੍ਹੇ ਹੋਵਾਂਗੇ ਤੇ ਨਾਲ ਹੀ ਬਚਨ ਕੀਤਾ, ਬਾਬਾ ਬੁੱਢਾ ਸਾਹਿਬ ਜੀ, ਬਚਨ ਕਰਦੇ ਹਾਂ :

*ਤੈਥੋਂ ਓਹਲੇ ਨਾ ਹੋਸਾਂ।*

ਇੰਨੀ ਕਮਾਈ ਬਾਬਾ ਬੁੱਢਾ ਸਾਹਿਬ ਜੀ ਦੀ, ਜਿਨ੍ਹਾਂ ਨੇ ਗੁਰੂ ਨਾਨਕ ਮਹਾਰਾਜ ਜੀ ਦੀਆਂ ਖੁਸ਼ੀਆਂ ਲਈਆਂ। ਅੱਜ ਵੀ ਚਲੇ ਜਾਓ ਝਬਾਲ ''ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ'' ਕਿੰਨੀਆਂ ਹੀ ਸੰਗਤਾਂ ਝੋਲੀਆਂ ਅੱਡਦੀਆਂ ਹਨ ਤੇ ਝੋਲੀਆਂ ਭਰਦੀਆਂ ਵੀ ਹਨ। ਕੁੰਜੀਆਂ ਹੀ ਦੇ ਦਿੱਤੀਆਂ। ਬਾਬਾ ਜੀ ਮਿਹਰ ਕਰਨ, ਇਸ ਜਨਮ ਵਿੱਚ ਸਾਨੂੰ ਵੀ ਉਹ ਪਛਾਣਨ ਵਾਲੀ ਅੱਖ ਮਿਲ ਜਾਵੇ ਜਿਹੜੀ ਅੱਖ ਬਾਬਾ ਬੁੱਢਾ ਜੀ ਨੂੰ ਮਿਲੀ ਤੇ ਮਹਾਰਾਜ ਜੀ ਦਾ ਇਹ 550 ਸਾਲਾ ਪ੍ਰਕਾਸ਼ ਦਿਹਾੜਾ ਮਨਾਇਆ ਸਫਲ ਹੋ ਜਾਵੇ।

# ਪ੍ਰਸ਼ਨੋਤਰੀ

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਤੇ ਗੁਰੂ ਸਾਹਿਬ ਜੀ ਦੇ ਜੀਵਨ ਅਤੇ ਉਪਦੇਸ਼ਾਂ ਨਾਲ ਸੰਬੰਧਿਤ ਸਵਾਲ-ਜਵਾਬ।

1. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਦਿਹਾੜਾ ਕਦੋਂ ਤੇ ਮੁੱਖ ਤੌਰ ਤੇ ਕਿੱਥੇ ਮਨਾਇਆ ਜਾ ਰਿਹਾ ਹੈ?

ਉ: 12 ਨਵੰਬਰ, 2019 ਨੂੰ ਸ੍ਰੀ ਨਨਕਾਣਾ ਸਾਹਿਬ ਅਤੇ ਸੁਲਤਾਨਪੁਰ ਲੋਧੀ ਵਿਖੇ।

2. ਪ੍ਰ: ਜਦੋਂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਸ਼ੁਰੂ ਕੀਤੀਆਂ ਤੇ ਉਦਾਸੀਆਂ ਤੇ ਜਾਣ ਸਮੇਂ ਗੁਰੂ ਸਾਹਿਬ ਨੇ ਬੇਬੇ ਨਾਨਕੀ ਜੀ ਨੂੰ ਕੀ ਬਚਨ ਕੀਤਾ?

ਉ: ਜਦੋਂ ਤੁਹਾਨੂੰ ਦਰਸ਼ਨਾਂ ਦੀ ਪਿਆਸ ਲੱਗੇ, ਤੁਸੀਂ ਅਰਦਾਸ ਕਰਨਾ, ਤੁਹਾਡੇ ਕੋਲ ਚੱਲ ਕੇ ਆਵਾਂਗੇ।

3. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਭ ਤੋਂ ਪਹਿਲਾਂ ਦਰਸ਼ਨ ਕਰਨ ਵਾਲੀ ਸੁਭਾਗੀ ਬੀਬੀ ਦਾ ਕੀ ਨਾਂ ਹੈ?

ਉ: ਬੀਬੀ ਦੌਲਤਾਂ ਦਾਈ

4. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਸੰਨਿਆਸੀ ਵਿੱਚ ਕਿਹੜਾ ਗੁਣ ਹੋਣਾ ਚਾਹੀਦਾ ਹੈ?

ਉ: ਜਿਹੜਾ ਆਸਾ ਵਿੱਚ ਨਿਰਾਸ ਰਵ੍ਹੇ।

5. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮੁਤਾਬਿਕ ਤੀਰਥ ਇਸ਼ਨਾਨੀ ਕੌਣ ਹੈ?

ਉ: ਜਿਸ ਨੇ ਪੰਜ ਵਿਕਾਰਾਂ ਤੇ ਪੂਰਨ ਕਾਬੂ ਪਾਇਆ ਹੋਵੇ।

6. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਦਵਾਨ ਪਰਉਪਕਾਰੀ ਬਾਰੇ ਕੀ ਸਮਝਾਇਆ?

ਉ: ਜਿਸ ਨੇ ਆਪੇ ਤੇ ਕਾਬੂ ਪਾਇਆ ਹੈ ਤੇ ਕਿਸੇ ਤੇ ਹੱਥ ਨਹੀਂ ਉਠਾਇਆ।

7. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ ਦਿਗੰਬਰ ਕੌਣ ਹੈ?

ਉ: ਜਿਸ ਦੇ ਅੰਦਰ ਦਇਆ ਹੈ।

8. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੰਞੂ ਨਾ ਪਹਿਨਦਿਆਂ ਕੀ ਉਪਦੇਸ਼ ਦਿੱਤਾ?

ਉ: ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ *(ਅੰਗ 471)*

9. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੱਝਾਂ ਵੱਲੋਂ ਉਜਾੜੇ ਹੋਏ ਖੇਤ ਨੂੰ ਹਰਾ ਕੀਤਾ, ਉੱਥੇ ਕਿਹੜਾ ਗੁਰਧਾਮ ਸੁਭਾਇਮਾਨ ਹੈ?

ਉ: ਗੁਰਦੁਆਰਾ ਕਿਆਰਾ ਸਾਹਿਬ

10. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪਿਤਾ ਜੀ ਨੇ ਜਿੱਥੇ ਪੜ੍ਹਨ ਲਈ ਭੇਜਿਆ ਉੱਥੇ ਕਿਹੜਾ ਗੁਰਧਾਮ ਸਥਿਤ ਹੈ?

ਉ: ਗੁਰਦੁਆਰਾ ਸ੍ਰੀ ਪੱਟੀ ਸਾਹਿਬ

11. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਮੁਖੀ ਵਰਣਮਾਲਾ ਦਾ ਵਰਣਨ ਕਿਸ ਬਾਣੀ ਵਿੱਚ ਕੀਤਾ ਹੈ?

ਉ: ਪੱਟੀ

12. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ

ਜਿਸ ਜਗ੍ਹਾ ਤੇ ਸੱਪ ਨੇ ਛਾਂ ਕਰਕੇ ਸੇਵਾ ਨਿਭਾਈ, ਉੱਥੇ ਕਿਹੜਾ ਗੁਰਧਾਮ ਸੁਭਾਇਮਾਨ ਹੈ?

ਉ: ਗੁਰਦੁਆਰਾ ਸ੍ਰੀ ਮਾਲ ਜੀ ਸਾਹਿਬ

13. ਪ੍ਰ: ਸਿੱਖ ਧਰਮ ਵਿੱਚ ਲੰਗਰ ਪ੍ਰਥਾ ਕਿਹੜੇ ਗੁਰੂ ਸਾਹਿਬ ਦੇ ਸਮੇਂ ਤੋਂ ਸ਼ੁਰੂ ਹੋਈ?

ਉ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ

14. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਸਮੇਂ ਕਿਨ੍ਹਾਂ ਨੂੰ ਆਪਣੇ ਨਾਲ ਰੱਖਿਆ?

ਉ: ਕੀਰਤਨੀਏ ਭਾਈ ਮਰਦਾਨਾ ਜੀ ਨੂੰ

15. ਪ੍ਰ: ਸਿੱਖ ਧਰਮ ਵਿੱਚ ਪਹਿਲੇ ਕੀਰਤਨੀਆ ਦਾ ਸੁਭਾਗ ਕਿਨ੍ਹਾਂ ਨੂੰ ਪ੍ਰਾਪਤ ਹੋਇਆ?

ਉ: ਭਾਈ ਮਰਦਾਨਾ ਜੀ ਨੂੰ

16. ਪ੍ਰ: ਜਦੋਂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਤੇ ਜਾਣ ਲਈ ਭਾਈ ਮਰਦਾਨਾ ਜੀ ਨੂੰ ਨਾਲ ਲਿਆ ਤਾਂ ਉਸ ਸਮੇਂ ਗੁਰੂ ਸਾਹਿਬ ਨੇ ਭਾਈ ਮਰਦਾਨਾ ਜੀ ਨੂੰ ਕੀ ਬਚਨ ਕੀਤੇ?

ਉ: 1) ਕੇਸ ਨਹੀਂ ਕਟਵਾਉਣੇ, 2) ਪਿਛਲ ਰਾਤ ਜਾਗਣਾ, 3) ਸਾਧੂ ਸੰਤਾਂ ਦੀ ਟਹਿਲ (ਸੇਵਾ) ਕਰਨੀ

17. ਪ੍ਰ: ਕਲਜੁਗ ਵਿੱਚ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦੀ ਪ੍ਰਾਪਤੀ ਲਈ ਕਿਹੜਾ ਮਾਰਗ ਦਰਸਾਇਆ?

ਉ: ਸਹਿਜ ਗ੍ਰਿਹਸਥ ਮਾਰਗ

18. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਿੱਖੀ ਦੇ ਕਿਹੜੇ ਤਿੰਨ ਅਸੂਲ ਦਰਸਾਏ?

ਉ: ਕਿਰਤ ਕਰਨਾ, ਨਾਮ ਜਪਣਾ ਤੇ ਵੰਡ ਛੱਕਣਾ

19. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਦੀ ਯਾਦ ਵਿੱਚ ਅੱਜ ਕੱਲ੍ਹ ਕਿਹੜਾ ਗੁਰਧਾਮ ਸੁਸ਼ੋਭਿਤ ਹੈ?

ਉ: ਗੁਰਦੁਆਰਾ ਸ੍ਰੀ ਕੰਧ ਸਾਹਿਬ, ਬਟਾਲਾ

20. ਪ੍ਰ: ਕੱਚੀ ਕੰਧ ਡੇਗਣ ਸਮੇਂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਪਰਥਾਏ ਕੀ ਬਚਨ ਕੀਤਾ?

ਉ: ਜੁਗਾਂ ਜੁਗਾਂ ਤੱਕ ਇਹ ਕੰਧ ਡਿੱਗੇਗੀ ਨਹੀਂ।

21. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਸ ਸ਼ਹਿਰ ਵਿੱਚ ਮੋਦੀਖਾਨੇ ਨੌਕਰੀ ਕੀਤੀ?

ਉ: ਸੁਲਤਾਨਪੁਰ ਲੋਧੀ

22. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਜਿਨ੍ਹਾਂ ਵੱਟਿਆਂ ਨਾਲ ਮੋਦੀਖਾਨੇ ਤੋਲਦੇ ਸਨ, ਉਹ ਵੱਟੇ ਅੱਜ ਕੱਲ੍ਹ ਕਿੱਥੇ ਸੁਸ਼ੋਭਿਤ ਹਨ?

ਉ: ਗੁਰਦੁਆਰਾ ਸ੍ਰੀ ਹੱਟ ਸਾਹਿਬ, ਸੁਲਤਾਨਪੁਰ ਲੋਧੀ ਵਿਖੇ

23. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੁਲਤਾਨਪੁਰ ਲੋਧੀ ਜਿਸ ਅਸਥਾਨ ਤੇ ਤਪ ਕੀਤਾ, ਉੱਥੇ ਕਿਹੜਾ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ?

ਉ: ਗੁਰਦੁਆਰਾ ਸ੍ਰੀ ਬੇਰ ਸਾਹਿਬ

24. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਸੀਤ ਵਿੱਚ ਕਾਜ਼ੀ ਨਾਲ ਨਮਾਜ਼ ਕਿਉਂ ਨਹੀਂ ਪੜ੍ਹੀ?

ਉ: ਕਿਉਂਕਿ ਕਾਜ਼ੀ ਤਨ ਕਰਕੇ ਮਸੀਤ ਵਿੱਚ

ਸੀ ਪਰ ਮਨ ਕਰਕੇ ਆਪਣੇ ਘਰ ਪਹੁੰਚਿਆ ਹੋਇਆ ਸੀ।

25. ਪ੍ਰ: ਮੂਲ ਮੰਤਰ ਦਾ ਉਚਾਰਨ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿੱਥੇ ਕੀਤਾ?

ਉ: ਗੁਰਦੁਆਰਾ ਸ੍ਰੀ ਸੰਤ ਘਾਟ ਸਾਹਿਬ

26. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਨਸੁੱਖ ਜੀ ਨੂੰ ਕੀ ਬਚਨ ਕੀਤਾ?

ਉ: ਨਾਮ ਵਿੱਚ ਲਿਵ ਲਗਾਉਣੀ, ਹਉਮੈ ਜਿੱਤਣੀ, ਭਾਣੇ ਵਿੱਚ ਸੁੱਖ ਮਨਾਉਣਾ।

27. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਸਗਾਈ ਸਮੇਂ ਭਾਈ ਮਰਦਾਨਾ ਜੀ ਦੀ ਝੋਲੀ ਵਿੱਚ ਕਿਹੜਾ ਭਲਾ ਪਦਾਰਥ ਪਾਇਆ?

ਉ: ਰਬਾਬ

28. ਪ੍ਰ: ਭਾਈ ਮਰਦਾਨਾ ਜੀ ਦੀ ਝੋਲੀ ਪਾਈ ਰਬਾਬ ਕਿੰਨ੍ਹਾਂ ਨੇ ਬਣਾਈ?

ਉ: ਭਾਈ ਫਿਰੰਦਾ ਜੀ ਨੇ

39. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਬਾਬ ਦੀ ਭੇਟਾ ਕਿਨ੍ਹਾਂ ਤੋਂ ਦਿਵਾਈ?

ਉ: ਬੇਬੇ ਨਾਨਕੀ ਜੀ ਤੋਂ

30. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਅਸਥਾਨ ਤੇ ਪਹਿਲੀ ਰਬਾਬ ਤਿਆਰ ਕਰਵਾਈ ਉੱਥੇ ਅੱਜ ਕੱਲ੍ਹ ਕਿਹੜਾ ਗੁਰਧਾਮ ਸੁਭਾਇਮਾਨ ਹੈ?

ਉ: ਗੁਰਦੁਆਰਾ ਰਬਾਬਸਰ ਸਾਹਿਬ

31. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਲਾਲੋ ਜੀ ਦੇ ਘਰ ਰਹਿ ਕੇ ਕੀ ਦਰਸਾਇਆ?

ਉ: ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ ਤੇ ਮੇਰੀ ਨਦਰਿ ਹੁੰਦੀ ਹੈ।

32. ਪ੍ਰ: ਬਾਬਰ ਵੱਲੋਂ ਪੁੱਛੇ ਜਾਣ ਤੇ ਕਿ ਰਾਜ ਕਦੋਂ ਬਦਲਦੇ ਹਨ ਤਾਂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀ ਉਪਦੇਸ਼ ਦਿੱਤਾ?

ਉ: ਜਦ ਇਨਸਾਫ ਨਾ ਮਿਲੇ, ਜਦ ਇਨਸਾਫ ਨਾ ਹੋਵੇ, ਜਦ ਇਨਸਾਫ ਰੋਕਿਆ ਜਾਵੇ।

33. ਪ੍ਰ: ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਦਰਿ ਨਾਲ ਕਿਹੜੇ ਦਰੱਖਤ ਦੇ ਫਲ ਮਿੱਠੇ ਹੋ ਗਏ?

ਉ: ਰੀਠੇ ਦੇ ਦਰੱਖਤ ਦੇ

34. ਪ੍ਰ: ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥ *(ਅੰਗ 23)* ਦਾ ਸ਼ਬਦ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਜ ਗ੍ਰਿਹ ਵਿਖੇ ਕਿਉਂ ਉਚਾਰਨ ਕੀਤਾ?

ਉ: ਹੋਲੀ ਦੇ ਤਿਉਹਾਰ ਤੇ ਨੱਚਣ ਤੋਂ ਮਨਾਈ ਕਰਦਿਆਂ।

35. ਪ੍ਰ: ਭੂਮੀਏ ਚੋਰ ਤੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਕਿਉਂ ਪ੍ਰਸੰਨ ਹੋਏ?

ਉ: ਉਸ ਨੇ ਸੱਚ ਬੋਲਿਆ ਕਿ ਮੈਂ ਚੋਰੀ ਨਹੀਂ ਛੱਡ ਸਕਦਾ।

36. ਪ੍ਰ: ਜਦੋਂ ਕਟਕ ਵਿਖੇ ਪੀਰ ਚੇਤਨ ਭਾਰਤੀ ਨੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿੱਚ ਸਹਾਰਾ ਦਰੱਖਤ ਦੀ ਟਾਹਣੀ ਭੇਟ ਕੀਤੀ ਤਾਂ ਗੁਰੂ ਸਾਹਿਬ ਨੇ ਕੀ ਬਚਨ ਕੀਤਾ?

ਉ: ਟਾਹਣੀਆਂ ਤੋੜਨੀਆਂ ਨਹੀਂ, ਸਗੋਂ ਵੱਧ ਤੋਂ ਵੱਧ ਲਗਾਉਣੀਆਂ ਹਨ, ਭਾਵ ਸਿੱਖ ਦਾ ਕੰਮ ਜੋੜਨਾ ਹੈ, ਤੋੜਨਾ ਨਹੀਂ।

37. ਪ੍ਰ: ਰਾਜਾ ਸੁਧਰ ਸੈਣ ਨੂੰ ਧੰਨ ਧੰਨ ਸ੍ਰੀ ਗੁਰੂ

ਨਾਨਕ ਦੇਵ ਜੀ ਮਹਾਰਾਜ ਦੇ ਕਿਹੜੇ ਸਿੱਖ ਤੋਂ ਸਿੱਖੀ ਦਾ ਰੰਗ ਲੱਗਾ?

ਉ : ਝੰਡਾ ਬਾਡੀ

38. ਪ੍ਰ : ਜਦੋਂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਗਨਨਾਥ ਪੁਰੀ ਵੈਸ਼ਨਵ ਸਾਧ ਨੇ ਇਹ ਪੁੱਛਿਆ ਕਿ ਵਣ ਤ੍ਰਿਣ ਵਿੱਚੋਂ ਅਕਾਲ ਪੁਰਖ ਨਜ਼ਰ ਆਉਣਾ ਸ਼ੁਰੂ ਹੋ ਜਾਵੇ, ਇਹ ਚੀਜ਼ ਕਿਵੇਂ ਮਿਲੇਗੀ ਤਾਂ ਗੁਰੂ ਸਾਹਿਬ ਨੇ ਕੀ ਜਵਾਬ ਦਿੱਤਾ?

ਉ : ਸਤਿਸੰਗਤ ਵਿੱਚੋਂ

39. ਪ੍ਰ : ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ॥ *(ਅੰਗ 13)* ਮੋਤੀ ਸ਼ਬਦ ਦਾ ਉਚਾਰਨ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿੱਥੇ ਕੀਤਾ?

ਉ : ਜਗਨਨਾਥ ਪੁਰੀ

40. ਪ੍ਰ : ਰਾਜਾ ਸ਼ਿਵ ਨਾਭ ਨੂੰ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹੜਾ ਆਸਣ ਲਗਾਉਣ ਦਾ ਉਪਦੇਸ਼ ਦਿੱਤਾ?

ਉ : ਚਿੱਤ ਨੂੰ ਵਾਹਿਗੁਰੂ ਵਿੱਚ ਟਿਕਾਈ ਰੱਖਣਾ।

41. ਪ੍ਰ : ਬਿਦਰ ਵਿਖੇ ਪਾਣੀ ਦੀ ਥੁੜ੍ਹ ਨੂੰ ਵੇਖਦਿਆਂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀ ਪ੍ਰਗਟ ਕੀਤਾ?

ਉ : ਝੀਰਾ

42. ਪ੍ਰ : ਇੰਦੌਰ ਵਿਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਈ ਨੂੰ ਕੀ ਕਰਨ ਤੋਂ ਵਰਜਿਆ?

ਉ : ਬੁੱਤਪ੍ਰਸਤੀ

43. ਪ੍ਰ : ਕੁਚੱਜੀ ਅਤੇ ਸੁਚੱਜੀ ਬਾਣੀਆਂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿੱਥੇ ਉਚਾਰਨ ਕੀਤੀਆਂ?

ਉ : ਉਜੈਨ

44. ਪ੍ਰ : ਕੁਚੱਜੀ ਇਸਤਰੀ ਨੂੰ ਕੀ ਪਿਆਰਾ ਲੱਗਦਾ ਹੈ?

ਉ : ਦਾਤ

45. ਪ੍ਰ : ਸੁਚੱਜੀ ਇਸਤਰੀ ਨੂੰ ਕੀ ਪਿਆਰਾ ਲੱਗਦਾ ਹੈ?

ਉ : ਦਾਤਾਰ

46. ਪ੍ਰ : ਭਰਥਰੀ ਨੂੰ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋਗੀ ਦੇ ਕਿਹੜੇ ਗੁਣ ਦੱਸੇ?

ਉ : ਖਿਮਾ, ਸੀਲ, ਸੰਤੋਖ, ਨਿਰਭੈ, ਸਹਿਜ

47. ਪ੍ਰ : ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਅਜਮੇਰ ਵਿੱਚ ਸੱਚੇ ਮੁਸਲਮਾਨ ਦੇ ਕਿਹੜੇ ਲੱਛਣ ਦੱਸੇ?

ਉ : ਸੱਚ, ਹੱਕ ਹਲਾਲ, ਸਭ ਦਾ ਭਲਾ

48. ਪ੍ਰ : ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਿੱਲੀ ਕਿਸ ਅਸਥਾਨ ਤੇ ਲੋੜਵੰਦਾਂ ਲਈ ਪਾਣੀ ਦੀ ਛਬੀਲ ਲਗਾਈ?

ਉ : ਗੁਰਦੁਆਰਾ ਨਾਨਕ ਪਿਆਓ ਸਾਹਿਬ

49. ਪ੍ਰ : ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਾਨੀਪਤ ਦੇ ਪੀਰ ਸ਼ੇਖ ਸ਼ਰਫ ਨੂੰ ਦਰਵੇਸ਼ ਦੇ ਕੀ ਅਰਥ ਸਮਝਾਏ?

ਉ : ਜਿਹੜਾ ਇੱਕ ਦੇ ਦਰ ਨਾਲ ਲਟਕਿਆ (ਜੁੜਿਆ) ਰਹਿੰਦਾ ਹੈ।

50. ਪ੍ਰ : ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਾਨੀਪਤ ਦੇ ਫਕੀਰ ਸ਼ੇਖ ਸ਼ਰਫ ਨੂੰ ਫਕੀਰੀ ਦਾ ਅਸਲ ਭੇਖ ਕੀ ਦੱਸਿਆ?

ਉ : ਗੁਰੂ ਮਤ ਨੂੰ ਮਨ ਵਿੱਚ ਦ੍ਰਿੜ੍ਹ ਕਰਕੇ ਧਾਰਨਾ।

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ
ਭਾਈ ਗੁਰਇਕਬਾਲ ਸਿੰਘ ਜੀ
ਦੀਆਂ ਕੀਰਤਨ ਵਿਚਾਰਾਂ
ਵਿੱਚੋਂ ਬਚਨ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**475** ਸਾਡੇ ਸਾਰਿਆਂ ਦੇ ਅੰਦਰ ਇਹ ਖਾਨਾ ਨਾ ਹੋਵੇ ਕਿ ਗੁਰੂ ਨਾਨਕ ਇੱਕ ਖੂਹ ਹੈ, ਸਾਡੀ ਸਾਰਿਆਂ ਦੀ ਅੱਖ ਖੁੱਲ੍ਹ ਜਾਵੇ ਕਿ ਗੁਰੂ ਨਾਨਕ ਸਾਹਿਬ ਸਮੁੰਦਰ ਹਨ।

**476** ਸਾਡੀ ਸਾਰਿਆਂ ਦੀ ਅਰਦਾਸ ਹੋਵੇ, ਹੇ ਨਿਰੰਕਾਰ, ਸਾਨੂੰ ਗੁਰੂ ਨਾਨਕ ਮਹਾਰਾਜ ਜੀ ਨੂੰ ਪਛਾਣਨ ਦੇ ਸੰਬੰਧ ਵਿੱਚ ਗੁਰੂ ਅੰਗਦ ਦੇਵ ਜੀ ਵਾਲੀ ਐਨਕ ਦੇ ਦੇ।

**477** ਜਿਹੜਾ ਗੁਰੂ ਨਾਨਕ ਮਹਾਰਾਜ ਜੀ ਨੂੰ ਪਛਾਣ ਲਵੇ, ਉਸ ਲਈ ਫੁੱਲ ਤੋੜਨ ਵਿੱਚ ਦੇਰੀ ਹੋ ਸਕਦੀ ਹੈ ਪਰ ਉਸ ਦੀ ਪੁਕਾਰ ਸੁਣਨ ਵਿੱਚ ਓਨੀ ਦੇਰੀ ਵੀ ਨਹੀਂ ਲੱਗਦੀ।

**478** ਜੇ ਗੁਰੂ ਨਾਨਕ ਸਾਹਿਬ ਤੁੱਠ ਪੈਣ ਤੇ ਸਾਲ, ਛੇ ਮਹੀਨੇ ਜਾਂ ਪੰਜ ਸਾਲ ਦੇ ਪਾਪ ਆਪਣੇ ਚਰਨਾਂ ਵਿੱਚ ਨਹੀਂ ਲੈਂਦੇ ਬਲਕਿ ਕਈ-ਕਈ ਜਨਮਾਂ ਦੇ ਪਾਪ ਆਪਣੇ ਚਰਨਾਂ ਵਿੱਚ ਲੈ ਲੈਂਦੇ ਹਨ।

*—ਸੰਪਾਦਕ*

# ਪਰਖ ਤੇ ਪ੍ਰਪੱਕਤਾ

ਅੰਕ 131 ਵਿੱਚ 10 ਸਵਾਲ ਦਿੱਤੇ ਜਾ ਰਹੇ ਹਨ, ਇਨ੍ਹਾਂ ਸਵਾਲਾਂ ਦੇ ਨਾਲ ਤਿੰਨ-ਤਿੰਨ ਜਵਾਬ ਵੀ ਦਿੱਤੇ ਜਾ ਰਹੇ ਹਨ। ਆਪ ਜੀ ਨੇ ਇਸ ਪੰਨੇ ਦੀ ਫੋਟੋ ਸਟੇਟ ਕਰਵਾ ਕੇ ਇਨ੍ਹਾਂ ਸਵਾਲਾਂ ਦੇ ਦਿੱਤੇ ਗਏ ਜਵਾਬਾਂ ਵਿੱਚੋਂ ਠੀਕ ਜਵਾਬ ਤੇ ਸਹੀ ਦਾ ਨਿਸ਼ਾਨ ਲਗਾਉਣਾ ਹੈ ਜਾਂ ਪੋਸਟ ਕਾਰਡ ਉੱਪਰ ਸਹੀ ਉੱਤਰ ਲਿਖ ਕੇ 'ਸਿਫਤਿ ਸਾਲਾਹ' ਦਫਤਰ ਦੇ ਪਤੇ 'ਤੇ ਭੇਜੋ ਜੀ। ਜਿਨ੍ਹਾਂ ਦੇ 10 ਸਵਾਲਾਂ ਵਿੱਚੋਂ 8 ਜਵਾਬ ਠੀਕ ਹੋਣਗੇ, ਉਨ੍ਹਾਂ ਵਿੱਚੋਂ ਸਹੀ ਉੱਤਰ ਦੇਣ ਵਾਲੇ 21 ਮੈਂਬਰਾਂ ਦਾ ਡਰਾਅ ਕੱਢ ਕੇ ਉਨ੍ਹਾਂ ਨੂੰ ਭਾਈ ਗੁਰਇਕਬਾਲ ਸਿੰਘ ਜੀ ਦੇ ਕੀਰਤਨ ਦੀ ਵੀ.ਸੀ.ਡੀ. ਸਤਿਕਾਰ ਸਹਿਤ ਭੇਜੀ ਜਾਵੇਗੀ। *—ਸੰਪਾਦਕ*

1. ਗਰਮ ਜਲ ਦਾ ਚਸ਼ਮਾ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿੱਥੇ ਪ੍ਰਗਟ ਕੀਤਾ?
ੳ) ਸੁਲਤਾਨਪੁਰ ਲੋਧੀ ਅ) ਕਰਤਾਰਪੁਰ ਸਾਹਿਬ ੲ) ਮਨੀਕਰਣ ਸਾਹਿਬ

2. ਗੁਰਦੁਆਰਾ ਰਵਾਲਸਰ ਸਾਹਿਬ ਸਭ ਤੋਂ ਪਹਿਲਾਂ ਕਿਹੜੇ ਗੁਰੂ ਸਾਹਿਬ ਦੇ ਚਰਨ ਪਏ?
ੳ) ਸ੍ਰੀ ਗੁਰੂ ਨਾਨਕ ਦੇਵ ਜੀ ਅ) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ੲ) ਸ੍ਰੀ ਗੁਰੂ ਗੋਬਿੰਦ ਸਿੰਘ ਜੀ

3. ਤਿੱਬਤ ਵਿੱਚ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਿਹੜੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ?
ੳ) ਗੁਰੂ ਨਾਨਕ ਲਾਮਾ ਅ) ਭੱਦਰਾ ਗੁਰੂ ੲ) ਸ਼ਾਹ ਬਾਬਾ ਨਾਨਕ

4. ਸ੍ਰੀ ਜਪੁਜੀ ਸਹਿਬ ਦੀ ਬਾਣੀ ਵਿੱਚ ਸੁਣਿਐ ਦੀਆਂ ਕਿੰਨੀਆਂ ਪਉੜੀਆਂ ਆਉਂਦੀਆਂ ਹਨ?
ੳ) ਦੋ ਪਉੜੀਆਂ ਅ) ਤਿੰਨ ਪਉੜੀਆਂ ੲ) ਚਾਰ ਪਉੜੀਆਂ

5. ਦਸਤਗੀਰ ਦੇ ਪੁੱਤਰ ਨੂੰ ਜਦੋਂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੱਖਾਂ ਆਕਾਸ ਪਾਤਾਲ ਦਿਖਾਏ ਤਾਂ ਪਾਤਾਲ ਵਿੱਚੋਂ ਉਸ ਨੇ ਕਿਹੜਾ ਪਾਵਨ ਪਦਾਰਥ ਲਿਆਂਦਾ?
ੳ) ਪਤਾਸੇ ਅ) ਕੜਾਹ ਪ੍ਰਸ਼ਾਦਿ ਦੀ ਦੇਗ ੲ) ਪਿੰਨੀ ਦਾ ਪ੍ਰਸ਼ਾਦਿ

6. ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਾ ਬੁੱਢਾ ਸਾਹਿਬ ਜੀ ਤੋਂ ਖੁਸ਼ ਹੋ ਕੇ ਕੀ ਬਚਨ ਕੀਤਾ?
ੳ) ਤੈਥੋਂ ਓਹਲੇ ਨਾ ਹੋਸਾਂ ਅ) ਤੈਥੋਂ ਬਲ-ਬਲ ਜਾ ਸਾਂ ੲ) ਤੈਥੋਂ ਸਤਿਸੰਗ ਕਦੇ ਨਾ ਵਿਸਰੇ

7. ਕਰਤਾਰ ਵਿਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੱਥੀਂ ਕਿਰਤ ਕਰਦਿਆਂ ਕਿਹੜਾ ਕੰਮ ਕੀਤਾ?
ੳ) ਤਰਖਾਣ ਦਾ ਕੰਮ ਅ) ਖੇਤੀਬਾੜੀ ਦਾ ਕੰਮ ੲ) ਮਜ਼ਦੂਰੀ ਦਾ ਕੰਮ

8. ਭਾਈ ਫਿਰਨਾ ਜੀ ਤੇ ਭਾਈ ਜੋਧ ਜੀ ਨੂੰ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਦੀ ਨੀਂਹ ਕੀ ਦਰਸਾਈ?
ੳ) ਕਿਸੇ ਨੂੰ ਬੁਰਾ ਨਹੀਂ ਆਖਣਾ ਅ) ਝੂਠ ਨਹੀਂ ਬੋਲਣਾ ੲ) ਮਨ ਨੀਵਾਂ ਰੱਖਣਾ ਤੇ ਨਿਮਰਤਾ ਧਾਰਨ ਕਰਨੀ

9. ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਨਜ਼ਰਾਂ ਵਿੱਚ ਉੱਚੀ ਜਾਤ ਵਾਲਾ ਕੌਣ ਹੈ?
ੳ) ਜਿਹੜਾ ਕੋਈ ਭੇਦ-ਭਾਵ ਨਾ ਕਰੇ ਅ) ਜਿਹੜਾ ਨੇਕ ਕੰਮ ਕਰੇ ੲ) ਜਿਹੜਾ ਕਿਸੇ ਨੂੰ ਦੁਖੀ ਨਾ ਕਰੇ

10. ਨਿਤਨੇਮ ਵਿੱਚ ਕਿਹੜੀ ਬਾਣੀ ਰਾਗ ਅਤੇ ਛੰਦਾਂ ਤੋਂ ਮੁਕਤ ਹੈ?
ੳ) ਸ੍ਰੀ ਜੁਪਜੀ ਸਾਹਿਬ ਅ) ਸ੍ਰੀ ਚੌਪਈ ਸਾਹਿਬ ੲ) ਸ੍ਰੀ ਅਨੰਦ ਸਾਹਿਬ

## ਪਿਛਲੇ ਅੰਕ ਦੇ ਸਹੀ ਜਵਾਬ :-

1. ਸ੍ਰੀ ਗੋਇੰਦਵਾਲ ਸਾਹਿਬ, 2. ਛੇਹਰਟਾ ਸਾਹਿਬ, ਕਰਤਾਰਪੁਰ ਸਾਹਿਬ ਅਤੇ ਤਰਨ ਤਾਰਨ ਸਾਹਿਬ, 3. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, 4. ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ, 5. ਨਖਾਲਸ ਚੌਂਕ ਲਾਹੌਰ ਵਿਖੇ, ਉਮਰ 90 ਸਾਲ, 6. ਤਕਰੀਬਨ 54 ਸਾਲ, 7. ਸ੍ਰੀ ਅਨੰਦਪੁਰ ਸਾਹਿਬ, 8. ਬਾਬਾ ਦੀਪ ਸਿੰਘ ਜੀ, 9. ਬਾਬਾ ਦੀਪ ਸਿੰਘ ਜੀ ਨੂੰ, 10. 20 ਸਾਲ

## ਜੇਤੂਆਂ ਦੇ ਨਾਮ :

1. ਸ੍ਰ. ਸਤਿੰਦਰ ਸਿੰਘ (ਜ਼ਿਲ੍ਹਾ ਗੁਰਦਾਸਪੁਰ), 2. ਸ੍ਰ. ਸੁਰਖਾਬ ਸਿੰਘ (ਅੰਮ੍ਰਿਤਸਰ), 3. ਬੀਬੀ ਗੁਰਸਾਖੀ ਕੌਰ ਓਠੀ (ਅੰਮ੍ਰਿਤਸਰ), 4. ਸ੍ਰ. ਸੁਖਦੇਵ ਸਿੰਘ ਵਾਲੀਆ (ਬਰਨਾਲਾ), 5. ਡਾ. ਕ੍ਰਿਪਾਲ ਸਿੰਘ (ਜ਼ਿਲ੍ਹਾ ਲੁਧਿਆਣਾ), 6. ਸ੍ਰ. ਹਰਦਿਆਲ ਸਿੰਘ ਭਾਟੀਆ (ਜ਼ਿਲ੍ਹਾ ਸੋਲਨ), 7. ਮਾਸਟਰ ਸਰਬਜੀਤ ਸਿੰਘ (ਤਰਨ ਤਾਰਨ), 8. ਕੈਪਟਨ ਪਾਲ ਸਿੰਘ (ਜ਼ਿਲ੍ਹਾ ਫਤਹਿਗੜ੍ਹ ਸਾਹਿਬ), 9. ਬੀਬੀ ਕੰਵਲਜੀਤ ਕੌਰ (ਹੁਸ਼ਿਆਰਪੁਰ), 10. ਬੀਬੀ ਇੰਦਰਦੀਪ ਕੌਰ (ਪਟਿਆਲਾ)

# ਅਨਮੋਲ ਬਚਨ

## ਧੰਨ ਧੰਨ ਬਾਬਾ ਨੰਦ ਸਿੰਘ ਜੀ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**260**

ਸਮਾਂ ਕਲਯੁੱਗ ਦਾ ਹੈ, ਕਲਯੁੱਗ ਵਿੱਚ ਰਾਜ ਗੁਰੂ ਨਾਨਕ ਪਾਤਸ਼ਾਹ ਦਾ ਹੈ। ਜਿਸ ਦਾ ਰਾਜ ਉਸੇ ਦਾ ਸਿੱਕਾ ਚੱਲਦਾ ਹੈ।

**261**

ਹੋਰ ਸਾਰੇ ਅਵਤਾਰ ਨਿਰੰਕਾਰ ਕੋਲੋਂ ਸ਼ਕਤੀਆਂ, ਕਲਾ ਲੈ ਕੇ ਆਏ ਹਨ ਪਰ ਧੰਨ ਗੁਰੂ ਨਾਨਕ ਸਾਹਿਬ ਜੀ ਆਪ ਨਿਰੰਕਾਰ ਰੂਪ ਧਰਤੀ ਤੇ ਆਏ ਦੁਨੀਆਂ ਨੂੰ ਤਾਰਨ ਲਈ।

*ਸੰਗ੍ਰਹਿ ਕਰਤਾ-*
*ਸੰਪਾਦਕ*

**262**

ਸਿੱਖਾ ਤੂੰ ਨਿਤਨੇਮ ਨਾ ਛੱਡੀਂ ਗੁਰੂ ਨਾਨਕ ਸਾਹਿਬ ਤੇਰੀ ਬਾਂਹ ਨਹੀਂ ਛੱਡਣਗੇ।

**263**

ਤੇਰੇ ਫੁੱਲ ਤੋੜਨ ਵਿੱਚ ਦੇਰੀ ਹੋ ਸਕਦੀ ਹੈ, ਗੁਰੂ ਨਾਨਕ ਸਾਹਿਬ ਦੇ ਬਖਸ਼ਣ ਵਿੱਚ ਕੋਈ ਦੇਰੀ ਨਹੀਂ।

# 36ਵਾਂ ਸਲਾਨਾ ਸਮਾਗਮ

2 ਅਕਤੂਬਰ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਕਵੀ ਦਰਬਾਰ 9 ਗੁਰਸਿੱਖ ਲੋੜਵੰਦ ਬੱਚੀਆਂ ਦੇ ਅਨੰਦ ਕਾਰਜ ਦੌਰਾਨ ਸੰਗਤਾਂ ਵੱਲੋਂ 180 ਲੀਟਰ ਦੀ ਫਰਿੱਜ ਅਤੇ ਹੋਰ 32 ਤਰ੍ਹਾਂ ਦੀਆਂ ਘਰੇਲੂ ਵਸਤੂਆਂ ਬੱਚੀਆਂ ਨੂੰ ਦਿੱਤੀਆਂ ਗਈਆਂ, ਉਪਰੰਤ 21 ਲੋੜਵੰਦ ਪਰਿਵਾਰਾਂ ਨੂੰ ਸਿਲਾਈ ਮਸ਼ੀਨਾਂ ਅਤੇ 2472 ਲੋੜਵੰਦ ਵਿਧਵਾ ਬੀਬੀਆਂ ਨੂੰ ਗਰਮ ਸੂਟ ਵੰਡੇ ਗਏ। ਇਸ ਸਮਾਗਮ ਦੀਆਂ ਝਲਕੀਆਂ।

1


2


3


4


5


6


1. ਕਵੀ ਦਰਬਾਰ ਵਿਚ ਕਵੀਸ਼ਰ ਅਤੇ ਭਾਈ ਹਰਦੇਵ ਸਿੰਘ ਜੀ ਦੀਵਾਨਾ ਹਾਜ਼ਰੀ ਭਰਦੇ ਹੋਏ, 2. ਲਾਵਾਂ ਦੌਰਾਨ ਕੀਰਤਨ ਕਰਦੇ ਹੋਏ ਭਾਈ ਹਰਵਿੰਦਰ ਪਾਲ ਸਿੰਘ ਜੀ ਲਿਟਲ, 3. ਲਾਵਾਂ ਦਾ ਦ੍ਰਿਸ਼, 4. ਸੰਗਤਾਂ ਦਾ ਵਿਸ਼ਾਲ ਇਕੱਠ, 5. ਲੋੜਵੰਦ ਪਰਿਵਾਰਾਂ ਨੂੰ ਸਿਲਾਈ ਮਸ਼ੀਨਾਂ ਵੰਡਦੇ ਹੋਏ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਭਾਈ ਹਰਭਜਨ ਸਿੰਘ ਜੀ, ਬੀਬੀ ਦਲਜੀਤ ਕੌਰ ਜੀ ਲੁਧਿਆਣਾ, ਲਾਡੀ ਵੀਰ ਜੀ ਦਿੱਲੀ ਵਾਲੇ ਤੇ ਹੋਰ ਸਹਿਯੋਗੀ, 6. ਲੋੜਵੰਦ ਵਿਧਵਾ ਬੀਬੀਆਂ ਨੂੰ ਹਰ ਸਾਲ ਦੀ ਤਰ੍ਹਾਂ ਇਸ ਵਾਰੀ 2472 ਬੀਬੀਆਂ ਨੂੰ ਗਰਮ ਸੂਟ ਵੰਡਦੇ ਹੋਏ ਭਾਈ ਸਾਹਿਬ ਜੀ ਅਤੇ ਸਹਿਯੋਗੀ।

# ਬੀਬੀ ਕੌਲਾਂ ਜੀ ਬਾਲ ਫੁਲਵਾੜੀ ਸਮਾਗਮ

ਸਤਿਗੁਰੂ ਜੀ ਦੀ ਅਪਾਰ ਕਿਰਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ 30 ਸਤੰਬਰ ਨੂੰ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵਿਖੇ ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ) ਅਤੇ ਭਾਈ ਤੇਜਪਾਲ ਸਿੰਘ ਜੀ ਦੇ ਉਪਰਾਲੇ ਨਾਲ ਪਹਿਲੀ ਵਾਰੀ "ਬਾਲ ਫੁਲਵਾੜੀ ਸਮਾਗਮ" ਕਰਵਾਇਆ ਗਿਆ। ਇਸ ਸਮਾਗਮ ਦੀਆਂ ਤਸਵੀਰਾਂ ਦੀਆਂ ਕੁਝ ਝਲਕੀਆਂ।

















ਇਸ ਪ੍ਰੋਗਰਾਮ ਦੀ ਵਿਲੱਖਣਤਾ ਗੁਰੂ ਸਾਹਿਬ ਜੀ ਨੇ ਆਪ ਹੀ ਤਰਸ ਕਰਕੇ ਸਾਰੀਆਂ ਸੇਵਾਵਾਂ ਛੋਟੇ-ਛੋਟੇ ਬੱਚਿਆਂ ਕੋਲੋਂ ਲਈਆਂ ਜਿਵੇਂ ਸਤਿਗੁਰੂ ਦੇ ਪ੍ਰਕਾਸ਼ ਕਰਨ ਦੀ ਸੇਵਾ ਉਪਰੰਤ ਬੱਚਿਆਂ ਨੇ ਹੀ ਸ੍ਰੀ ਜਪੁ ਜੀ ਸਾਹਿਬ, ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੀ ਹਾਜ਼ਰੀ ਲਗਾਈ ਫਿਰ ਸ਼ਬਦ ਕੀਰਤਨ ਦੀਆਂ ਹਾਜ਼ਰੀਆਂ ਭਰੀਆਂ, ਕਵੀਸ਼ਰੀ ਤੇ ਸਿੱਖੀ ਦੇ ਝਰੋਖੇ ਵਿਚੋਂ ਡੂੰਘੀਆਂ ਵੀਚਾਰਾਂ ਸੰਗਤਾਂ ਨਾਲ ਸਾਂਝੀਆਂ ਕੀਤੀਆਂ। ਬੱਚਿਆਂ ਨੇ ਹੀ ਸਮਾਪਤੀ ਦੀ ਅਰਦਾਸ ਤੇ ਹੁਕਮਨਾਮਾ ਸਰਵਨ ਕਰਾ ਕੇ ਸਤਿਗੁਰੂ ਜੀ ਨੂੰ ਸੁਖਆਸਨ ਅਸਥਾਨ ਤੇ ਬਿਰਾਜਮਾਨ ਕਰਵਾਇਆ, ਬੱਚਿਆ ਨੇ ਸੰਗਤਾਂ ਨੂੰ ਲੰਗਰ ਵਰਤਾਇਆ, ਛਬੀਲ ਦੀ ਸੇਵਾ, ਜੋੜੇ ਘਰ, ਸਾਈਕਲ ਸਕੂਟਰ ਸਟੈਂਡ ਆਦਿ ਸੇਵਾਵਾਂ ਬੱਚਿਆਂ ਨੇ ਹੀ ਨਿਭਾਈਆਂ। ਇਸ ਬਾਲ ਫੁਲਵਾੜੀ ਸਮਾਗਮ ਵਿਚ ਸਾਰੀ ਡਿਊਟੀ ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ) ਅਤੇ ਭਾਈ ਤੇਜਪਾਲ ਸਿੰਘ ਜੀ ਅਤੇ ਸਹਿਯੋਗੀ ਭੈਣਾਂ ਨੇ ਨਿਭਾਈ। ਭਾਈ ਸਾਹਿਬ ਜੀ ਬੱਚਿਆਂ ਕੋਲੋਂ ਜਾਪ ਕਰਵਾਉਂਦੇ ਹੋਏ ਅਤੇ ਸਮਾਪਤੀ ਤੇ ਬੱਚਿਆਂ ਨੇ ਭਾਈ ਸਾਹਿਬ ਜੀ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

# तीन प्रकार की हिंसा कौन-सी होती है?

–जसविन्द्र सिंघ ( पटियाला )

*बिलावलु महला ५॥*

*अपने सेवक कउ कबहु न बिसारहु ॥*
*उरि लागहु सुआमी प्रभ मेरे*
*पूरब प्रीति गोबिंद बीचारहु ॥१॥ रहाउ ॥*
*पतित पावन प्रभ बिरदु तुम्हारो*
*हमरे दोख रिदै मत धारहु ॥*
*जीवन प्रान हरि धनु सुखु तुम ही*
*हउमै पटलु क्रिपा करि जारहु ॥१॥*
*जल बिहून मीन कत जीवन*
*दूध बिना रहनु कत बारो ॥*
*जन नानक पिआस चरन कमलन्ह की*
*पेखि दरसु सुआमी सुख सारो ॥२॥७॥१२३॥*

( अंग ८२९ )

ना भूलना, ना भुलाना, ना विसरना, ना विसारना।

*पउड़ी ॥*

*सो सतिगुरु धनु धंनु जिनि भरम गडु तोड़िआ ॥*
*सो सतिगुरु वाहु वाहु जिनि हरि सिउ जोड़िआ ॥*
*नामु निधानु अखुटु गुरु देइ दारूओ ॥*
*महा रोगु बिकराल तिनै बिदारूओ ॥*
*पाइआ नामु निधानु बहुतु खजानिआ ॥*
*जिता जनमु अपारु आपु पछानिआ ॥*
*महिमा कही न जाइ गुर समरथ देव ॥*
*गुर पारब्रम परमेसुर अपरंपर अलख अभेव ॥१६॥*

( अंग ५२२ )

गुरु नानक देव जी महाराज ने, योगियों का उद्धार किया, उदासियों का उद्धार किया, हिंदू, सिक्ख, मुसलमान, सिंधी, वणजारे उनका भी उद्धार किया, पत्थर योनियों का भी उद्धार किया। वनस्पति का भी उद्धार किया। आज मन की मौज आ गई है, एक राजे का उद्धार करने की। इस राजे का नाम आया है इतिहास में राजा शिवनाभ। अगर पूरी बात करें तो लम्बी हो जाती है। इतना ही है, अंदर भूख थी, तड़प थी, तलाश थी, कोई पूरा मिल जाए। अब पूरे के रूप में श्री गुरु नानक देव जी महाराज आ गए हैं, इसके बाग में। यह राजा शिवनाभ पहले गुरु जी का इम्तिहान लेता है कि सचमुच ही पूरे हैं। भरोसा कब आया, राजा शिवनाभ को गुरु जी पर जब उस पूरे के मुख में से गुरबाणी सुनी। वह बाणी सुनकर निश्चय हो गया। श्री गुर प्रताप सूरज ग्रंथ में वह समय लिखा है:

*सुनी जबै बाणी सुख रासी।*
*जानहु नानक भइआ उदासी।*

(श्री गुर प्रताप सूरज ग्रंथ)

अब जान गया, धन्य गुरु नानक महाराज

जी को।

*जनम धंन बडभाग हमारा।*

पहले इम्तिहान लेता रहा तथा अब क्या कहता है:

*जनम धंन बडभाग हमारा।*
*जां ते दरसन भइओ तुमारा।*

राजा शिवनाभ धन्य गुरु नानक महाराज जी को कह रहा है, मेरे अहोभाग्य हैं, मुझे आपके दर्शन हुए:

*जनम धंन बडभाग हमारा।*
*जां ते दरसन भइओ तुमारा।*
*कहि इउं तीन प्रदखण दीनी।*

प्रदखण कहते परिक्रमा को। राजा शिवनाभ ने धन्य गुरु नानक महाराज की तीन परिक्रमा की।

*कहि इउं तीन प्रदखण दीनी।*
*चरन कमल पर बंदन कीनी।*

तीन परिक्रमा करके धन्य गुरु नानक महाराज जी के चरणों पर अपना माथा लगाया, बंदना की है।

*सरब भांत मुझ दास जनीजै।*

राजा धन्य गुरु नानक महाराज जी को विनती करता है, मुझे दास जानो। मुझे अपना जानो। देख लो, गुरु नानक महाराज जी नाराज नहीं हुए कि हमारा इम्तिहान लेता रहा है, सुन्दर-सुन्दर स्त्रियाँ हमारे इम्तिहान के लिए भेजीं। यहाँ आकर बाबा नंद सिंघ जी का वचन संभालना, बाबा जी कहते थे, रुपए का घड़ा भी लेना हो तो व्यक्ति खड़का कर लेता है। और श्री गुरु ग्रंथ साहिब जी को गुरु धारण करना है, धारण करने से पहले मन में जो मर्जी धार ले, जो मर्जी सोच ले, पूरे हैं पर कहते थे, धारण करने के बाद फिर शंका न करना, नहीं तो किसी योग्य नहीं रहोगे। धारण करने के बाद फिर तेरे हृदय में तो भाई लहणा जी जैसी भावना होनी चाहिए, सबसे ऊपर, गुरु नानक महाराज की जगह है और किसी के बैठने की जगह नहीं है। कलगीधर पिता जी को अपना बना कर, श्री गुरु ग्रंथ साहिब जी को अपना बना कर, उसके बाद जिंदगी में शंका रहे, फिर कर्म बहुत बुरे हैं। पहले जो मर्जी मन में धार ले। फिर जब गुरु वाले बन गए, फिर कोई शंका नहीं। गुरु नानक महाराज नाराज नहीं हुए कि तू मेरा पहले इम्तिहान लेता रहा है और अब क्या कहता है।

*सरब भांत मुझ दास जनीजै।*
*चल कर भवन पुनीत करीजै।*

भवन कहा है, महल को। राजा शिवनाभ कहता है सच्चे पातशाह जी! उठो बाग में से मेरे महलों में जाकर मेरे महल पवित्र करो। गुरु नानक महाराज जी क्या कहते हैं:

*पूरब धरमसाल बनवावो।*

हमने महल में नहीं जाना। राजा शिवनाभ धर्मशाला बना, हम वहाँ आएंगे।

*पूरब धरमसाल बनवावो।*
*बहुर आए हम को लै जावहु।*

अब राजा था। न मिस्त्रियों की कमी, न

मजदूरों की, न धन की, चंद दिनों में धर्मशाला बना दी तथा अब आकर कहता है, महाराज जी, आओ, चरण डालो। उस धर्मशाला में सुंदर पलंग पर सुंदर बिछाई करके उस पलंग पर गुरु नानक महाराज को बैठाया है तथा आप पलंग के नीचे जमीन पर बैठा है, संगतें बैठी हैं, राजा शिवनाभ भी, गुरु नानक महाराज जी के दर्शन कर रहा है :

*वडहंसु महला ५॥*
*धनु सु वेला जितु दरसनु करणा ॥*
*हउ बलिहारी सतिगुर चरणा ॥१॥*

(अंग ५६२)

*तेरे बंके लोइण दंत रीसाला ॥*
*सोहणे नक जिन लंमड़े वाला ॥*
*कंचन काइआ सुइने की ढाला ॥*

(अंग ५६७)

दोनों समय दीवान लगते हैं। संगतें लाभ प्राप्त करती हैं। दास विनती करता है, परमात्मा हैं, गुरु नानक महाराज, निरंकार आप हैं, इतने समर्थ कि उनसे परे कोई बात नहीं। एक बात दिमाग में रखना, वह जो समर्थ है परमात्मा है, उस समर्थ ने अपनी बख्शिशें कहाँ रखी हैं? आप एक साधारण व्यक्ति हो तथा कोई करोड़पति हो, जो लखपति हो, उनके घर सोना होता ही है। सौ तोला, पचास तोले जो बहुत समर्था वाले हैं। अब किसी ने बैंक में रखा है, किसी ने तिजौरी में रखा है, किसी ने कहीं रखा है। वह जो समर्थ है, दुनिया के मालिक, गुरु नानक महाराज जी उनके पास जो दरगाही चीजें हैं, रहमतें हैं, जो मुक्ति दिलवा देती हैं, जो रहमतें प्यारे से जोड़ देती हैं, जो रहमतें दुख काटती हैं, उसने कहाँ रखी हैं, यह आज एडरैस सुन लेना। गुरु नानक महाराज जी की जो बड़ी रहमतें हैं, वह दो जगह रखी हैं। वह एडरैस सुन लेना। वह सारी रहमतें गुरु नानक महाराज जी ने दो जगह रखी हैं। एक गुरबाणी में रखी है तथा दूसरी संगत में रखी है। यह दो एडरैस हैं। उनको भी रखने के लिए जगह चाहिए थी। हमें सोना रखने के लिए तिजौरी चाहिए, बैंक का लॉकर जहाँ रखते हैं। उन्होंने यह दो जगह रखी हैं। किसी पर कोई दुख का समय बने, तो जब आप गुटका साहिब लेकर जपुजी साहिब का पाठ पढ़ना शुरु कर देते हो, उसकी रहमत आपके दुख काटने शुरू कर देती है।

बाबा हरनाम सिंघ रामपुर खेड़े वालों का वचन, 'से किनेहिआ' में से कि बाणी उपदेश रूप भी है तथा बाणी गुरु रूप भी है। कोई विचार कर पढ़े उपदेश ले, वहाँ भी झोली भरती है। जहाँ अर्थ नहीं पता, मन नहीं जुड़ा, पर वह जहाँ बाबा जी ने खजाना रखा है, उसकी ओट लेनी शुरु कर दी और यह गुरु साहिब का रूप होने के कारण, गुरु साहिब के मुख में से उच्चारण होने के कारण जो इसका सहारा लेना शुरु कर देता है तथा 'से किनेहिआ' किताब में लिखा है कि गुरु नानक महाराज की ताकत उसको प्राप्त होनी शुरु हो जाती है, पढ़ने वाले को। एक गुरबाणी में खजाना रखा है तथा दूसरा खजाना सत्संगत में रखा है। दास सच कहता है उन्होंने अपनी

बख्शिशें संगत में रखी हैं। भाई गुरदास जी की एक पंक्ति भी आती है:

*गुर संगति बाणी बिना दूजी ओट नही है राइ ॥*

(वार: १, पउड़ी ४२)

राई का दाना छोटा-सा होता है और गुरु संगत के बिना राई जितनी भी ओट नहीं। बाणी के बिना कोई और ओट नहीं। इस में उन्होंने बख्शिश रखी है, अपनी रहमत रखी हुई है, कृपा रखी हुई है। फिर जब संगत बैठती है, गुरु साहिब की हजूरी में तथा उसकी कृपा होती है। यह हमारे गुरु नानक महाराज जी कहते, धर्मशाला बनाओ, फिर आएंगे। धर्मशाला बनाई तथा दोनों समय सत्संग शुरू हो गया, संगत शुरू हो गई। एक समय आया, राजा शिवनाभ व बाबा नानक जी अकेले। जब इसने कहा, महाराज जी, प्रश्न है, एक सवाल है। गुरु नानक महाराज जी कहते, बताओ, राजा शिवनाभ का प्रश्न सुनना तथा साथ ही उत्तर सुनना जी:

*करहु अपुनो बर उपदेसहु।*

यह सवाल है?

*करहु अपुनो बर उपदेसहु।*
*जह ते मिटै जगत कलेसहु।*

(श्री गुरु प्रताप सूरज ग्रंथ)

राजा शिवनाभ कहता है, महाराज जी, मुझे ऐसा उपदेश दो, एक अंदर हृदय का जगत है कि अंदर का जगत का क्लेश मिट जाए। गुरु नानक महाराज जी, कोई है रास्ता जिससे अंदर के क्लेश खत्म हो जाएं।

*करहु अपुनो बर उपदेसहु।*
*जह ते मिटै जगत कलेसहु।*

(श्री गुरु प्रताप सूरज ग्रंथ)

अब गुरु नानक महाराज जी जवाब देने लगे हैं, ध्यान देना:

*मन को रोकण निरमल करनो।*
*यही उपाव कलेसन हरनो।*

(श्री गुरु प्रताप सूरज ग्रंथ)

मन को रोक, यह जवाब आ रहा है, मन को रोकना, निर्मल करना। इस उपाय से तेरे क्लेश मिटेंगे। अब ध्यान से सुनना। राजा शिवनाभ का भला हो रहा है। अब कहता है कि खुल कर समझाओ, महाराज जी, इसको रोका कैसे जाए? कैसे निर्मल करूं? तो बाबा जी क्या कहते हैं:

*कसट योग इक भगत योग सुन।*
*इन दोनों ते हैव निरमल तन।*

(श्री गुरु प्रताप सूरज ग्रंथ)

कष्ट का अर्थ है, हठ। यह हठ योग है, एक भगत योग है। इससे तन निर्मल होता है। उसने कहा हठ योग, भगत योग के बारे में मुझे खुलकर समझाओ, सारा विवरण तो बहुत बड़ा है पर महाराज जी ने कहा कि मन को रोक, निर्मल कर। इससे हृदय के क्लेश खत्म होते हैं, वे कहता है, कैसे करूँ?

*कसट योग इक भगत योग सुन।*
*इन दोनों ते हैव निरमल तन।*

(श्री गुरु प्रताप सूरज ग्रंथ)

इन दोनों योगों के कुछ अंश दास आपको बता रहा है। हमारे बाबा जी की देखो कैसी

सोच है। कसट योग व भगत योग का पहला अंश बताया है। तीन तरह की हिंसा से बचो। आज तक दास ने भी जब तक यह जवाब नहीं पढ़ा था और दास यही समझता था कि हिंसा उसको ही कहते हैं, जीव को मारना। जीव को मारना हिंसा होती है पर गुरु नानक महाराज जी ने राजा शिवनाभ को क्या उपदेश दिया। तीन तरह की हिंसा होती है। पहली हिंसा- शरीर से किसी को मारना। यह भी हिंसा है, इस को भी रोको। दूसरी हिंसा- मन में किसी का बुरा सोचना। यह भी हिंसा है। यह भी मारने के बराबर है तथा तीसरी हिंसा है, यह महाराज जी ने जवाब दिया, तन से, मन से, वचन से। मुख में से जो वचन करते हैं, महाराज जी कहते, मुख में से ऐसा वचन करना जिससे दूसरों का दिल जल जाना, दुखी हो जाना, यह भी हिंसा है। नोट करना। अगर किसी को हिंसा लफज न समझ लगे तो कतल करना, मार देना समझ लो।

महाराज जी कहते, गुरु का सिक्ख यदि चाहता है कि अंदर क्लेश मिट जाएं तो तीन तरह की हिंसा से बच कर रहे, मन से हिंसा, तन से हिंसा तथा वचन से हिंसा। तन से किसी चीज को मारना यह तन की हिंसा है। मन में योजना बनाना, किसी का बुरा सोचना, यह मन की हिंसा है। मुख में से कोई ऐसा वचन करना जिससे दूसरों का दिल दुख जाना, यह वचन की हिंसा है। दास स्वयं नहीं कह रहा यह ऐतिहासिक ग्रंथ श्री गुर प्रताप सूरज ग्रंथ की पंक्तियाँ हैं:

*पर को बुरा जे चितवना।*
*मन की हिंसा चीन।*

यदि तू मन में दूसरे का बुरा सोच रहा है तो समझ ले तेरा मन कतल कर रहा है, तेरा मन हिंसा कर रहा है।

*फिका बोल दुखाइ हढावै।*
*हिंसा वचन इन की कहलावै।*

देख लो बाबा जी के वचन। तू फीका बोल कर किसी को दुखी करता है, यह वचन की हिंसा कहलाता है, वचन से किसी का कतल कर देना।

*तीजी मारन जीवन केरी।*

तीसरी हिंसा, किसी का जीवन ही खत्म कर देना।

*तीजी मारन जीवन केरी।*
*तिआगे इन को हैव बिन देरी।*

महाराज जी राजा शिवनाभ को कह रहे हैं, हमें कह रहे हैं, तीनों हिंसाओं का बिना देर किए त्याग करें, मन में भी किसी का बुरा न सोचें, वचन भी मुँह से बोलते समय ऐसे बोलें कि दूसरे का हृदय दुखी न हो। तीसरा शरीर के कारण किसी को मारना, वह आप समझते हो। यदि वचन की हिंसा हो जाए, वचन ऐसा निकल गया है, आपको पता लग जाता है, भीतर कुछ होना शुरू हो जाता है, व्यक्ति का अपना मन टिकना बंद हो जाता है, उस समय तो क्रोध में बोल आया। हम कलयुगी जीव हैं। यदि वचन की हिंसा आपसे हो जाए, दास विनती करता है, एक पैसे की

भी शर्म न करना, जब आपको महसूस हो जाए, जहाँ पाँच मिनट ज्यादा गर्म बोल आया हूँ, अपने भीतर शांति खत्म हो जाती है, तब एक पैसे की भी शर्म न करना। उसको उसी समय फोन करके बेशक माफी मांग लेना, यह वचन बोल गया हूँ, मुझे माफ करना। दास कहता है कि गुरु साहिब उसको भी बख्श देंगे। कलयुगी जीव हैं।

दास के साथ भी एक बार घटित हुआ है। आठ बज कर पंद्रह मिनट पर दास किसी से गर्म बोल पड़ा। है भी सामने खड़ा तथा उसने कोई ऐसी चीज की कि बोला गया। दास ने कहा कि तेरा हाल ही यही है। तुझ से कोई काम ढंग का हुआ ही नहीं, कोई न कोई काम ऐसा कर ही देता है। गलती दास की क्या? यदि कुछ समझाना भी था तो उसको अकेले ले जाकर समझाता। जब दास बोला तो सात व्यक्ति साथ खड़े थे। सात व्यक्तियों के सामने उसकी बेइज्जती हो गई। आठ बज कर बीस मिनट पर जहाँ रात को जाना था, चला पर रास्ते में मन बेचैन हो रहा है। भीतर कुछ हो रहा है। दास ने सोचा कि यह क्या हो रहा है? अपसैटिंग हो गई है। भीतर सारा हिल गया है। बैलेंस हिल गया है। साथ ही विचार आया, यह तुम से तीसरी हिंसा हो गई। संगत जी, वह व्यक्ति सर्विस करता था। दास ने जब देखा अंदर अपसैटिंग हो गई है, तू गलती कर आया है। उसी वक्त उसको फोन घुमाया तथा फोन करके दास ने पहला लफज यह बोला, दास ने कहा क्षमा करना। दास ने कहा मेरी गलती है। मुझे ऐसा नहीं बोलना चाहिए था। अगर समझाना भी था तो तुम को अकेले में समझाना चाहिए था। मेरे क्षमा मांगने के बाद उसने दास को कहा कि औरों का गुस्सा कर लेता हुं, पर आप जो चाहे कह लो मैं आप का गुस्सा नहीं करता। उसने आगे से प्यार बख्शा। दास ने कहा यह बात नहीं, दास के अपने अंदर अपसैटिंग हो गई थी। दास ने कहा और कोई हल नहीं था तथा जिस के साथ की है, उससे क्षमा मांगनी है। क्षमा मांगने के बाद दास को ऐसे लग रहा है कि जैसे अंदर गुरु नानक महाराज जी फिर कृपा हो गई है। अब शांति है। उसका दुखी मन सुखी हो गया। यह दास ने विनती की तीन प्रकार की हिंसा बाबा जी ने बताई है। मन की हिंसा जो मन करके बुरा सोचे, वचन की हिंसा, तन की हिंसा। जीव को मार देना, अपने स्वाद के लिए, गुरु नानक महाराज का वचन है, इन तीनों को बिना देर किए त्याग दो।

*पर को बुरा जे चितवना।*
*मन की हिंसा चीन।*
*फिका बोल दुखाइ हढावै।*
*हिंसा वचन इन की कहलावै।*
*तीजी मारन जीवन केरी।*
*तिआगे इन को हैव बिन देरी।*

राजा शिवनाभ को महाराज जी कहते, दूसरी बात, कष्ट योग तथा भगत योग में से, दूसरा उपदेशः

*दुतीए सच उचरन निरबहै।*
*कबहू कूड़ न किस बिध कहीऐ।*

हर समय सच गांठ बाँध कर रखे। झूठ से दूर रहें। सच का पलड़ा पकड़े। जिस सच से आपकी आँखों के सामने किसी की जान जाती हो, जिस सच से दूसरों का नुक्सान, वहाँ आपने समझना है, यह दास ने खुल कर नहीं कहना, इसको आपने समझना है। यदि विद्ध बनी तो ऐतिहासिक पंक्तियाँ दास ने पढ़ी हैं। हमारे गुरु गोबिंद सिंघ जी ने गाय की मिसाल दी है, पंक्तियाँ है गुर प्रताप सूरज ग्रंथ की। गाय जा रही थी और कोई बैठा था। कसाई ने पूछा, गाय देखी है तथा हाथ में छुरा पकड़ा हुआ है। उसको पता चल गया, इसने गाय को मारना है तथा छुरा हाथ में है पर उसने सोचा कि सच बोलना है। गाय देखी है। कहने लगा, देखी है। किधर गई है? वह भी बता दिया कि किधर गई है? यह सच क्या है? इशारा ही दास ने देना है। तुम्हारा सच गाय की जान ले गया। यह आपने समय तोलना है। इसको ज्यादा डिटेल में नहीं कर सकता, इसका दूसरा असर न हो जाए। कई चीजों का इशारा है। महाराज जी ने जैसे कहा है सच का पलड़ा पकड़ कर रखो। झूठ से परहेज करो। यह दूसरा उपदेश दिया। तीसरा उपदेश पढ़ कर दास भी हैरान हुआ। महाराज जी ने कहा, चोरी दो तरह की है। दास भी एक तरह की समझता था। गुरु नानक साहिब कहते, चोरी दो तरह की है तथा दोनों से बच कर रहो। एक तन की चोरी है और एक मन की चोरी है।

*पर की वसत छपावन करनी।*

किसी की वस्तु उठा लेना।

*पर की वसत छपावन करनी।*
*इहो सतेही तन की करनी।*

सतेही का अर्थ है चोरी। यह तन की चोरी है तथा मन की चोरी कौन-सी है:

*करे पाप पुन राख बुराए।*

यहाँ पुन का अर्थ है, यदि। पाप करता है तो उसको छिपा कर रखता है, यह मन की चोरी है।

*करे पाप पुन राख बुराए।*
*इह मन की चोरी कहलाए।*

जो संगत को कहता है, अमृत वेले उठो। संगत जी हाथ खड़े करो। संगत जी, यह करो और स्वयं सोचता है कि मैं चाहे छः सात बजे उठूं, मुझे घर में किसने देखना है, यह मन की चोरी है।

*करे पाप पुन राख बुराए।*

पाप करता है और कहता है कि किसी को क्या पता।

*इह मन की चोरी कहलाए।*

संगत जी, राजा शिवनाभ को बाबा नानक जी ने आगे ब्रह्मचार्य बताया, वह समझते हो:

*एका नारी जती होइ पर नारी धी भैण वखाणै।*

(वार ६, पउड़ी ८)

*चौथे ब्रहमचरज सुख सार।*

यह दास को खुल कर कहना पड़ रहा है, काम वासना से बच कर रहे।

-शेष पन्ना ५२ पर

# श्री गुरु नानक देव जी के घर की बड़ाई

